ਛੰਤ ॥ ਜਮ ਕਾ ਠੇਂਗਾ ਅਤਿ ਦੁਖਦਾਈ ॥ ਐਸਹਿ ਅਬ ਸੋ ਸਹਜੋ ਨ ਜਾਈ ॥
ਸੰਜੋਗ ਐਸੋ ਸਮਰ ਛੇਤ੍ਰ ਹਰਿ ਸੇ ਬਲੀ ਸੰਗ੍ਰਾਮੀਆਂ ॥
ਕਬਿ ਮੋਹਿ ਮਿਲਿਹੈ ਦਾਵ ਐਸੋ ਹਰਿ ਸਮਰ ਵਰਜਾਮੀਆ ॥
ਦ੍ਵੈ ਭਾਂਤਿ ਕੋ ਸ੍ਰੁਤਿ ਮੁਕਤਿ ਭਾਖਤਿ ਇਕ ਭਗਤਿ ਦੁਤੀਜ ਬਿਰੋਧ ਹੇ ॥
ਬਪੁ ਆਸੁਰੀ ਨਹਿ ਭਗਤਿ ਉਪਜਤਿ ਮਤਿ ਤਾਮਸੀ ਅਨਬੋਧ ਹੇ ॥੪॥੨॥੧੫॥੪੯੧॥੨੮੧੦॥

ਬਿਸਨੁਪਦ ਛੰਤ ਰਾਮਾ ਸਲੋਕ ॥

ਜੇ ਜੇ ਜਯੇ ਸੁਰ ਸੁਕੁਲ ਕੁਲ ਬੰਸ ਕੁਲੀਨ ਧਰਮੱਗ ॥
ਤੇ ਤੇ ਕੀਨਜੋ ਭਗਤਿ ਹਰਿ ਪ੍ਰਾਪਤ ਹਰਿ ਪਦ ਸ੍ਵਰੱਗ ॥੧॥

ਛੰਤ ॥ ਜੇ ਜਯੇ ਸੁਰ ਕੁਲ ਸਕਲ ਬੰਸਨ ਗਤਿ ਬਿਵਾਨਹ ਪਾਵਹੀ ॥
ਹੋ ਭਗਤਿ ਮਾਰਗ ਭਗਤਿ ਹਰਿ ਕੇ ਹਰਿ ਭਗਤਿ ਨੀਤਿ ਕਮਾਵਹੀ ॥
ਸਾਜੁਜ ਸਾਮੀਪੀ ਹੋਤ ਕੇਤੇ ਸਾਲੋਕ ਪ੍ਰਾਪਤ ਹੋਤ ਹੈਂ ॥
ਸਾਰੂਪ ਪ੍ਰਾਪਤਿ ਭਗਤਿ ਕੇਤੇ ਬਿਸਨੁਮਜ ਉਦੋਤ ਹੈਂ ॥
ਸਕਾਮ ਭਗਤਿ ਚਤੁਰ ਵਜਵਸਥਾ ਜਸ ਬਾਸਨਾ ਤਸ ਪਾਤ ਹੈਂ ॥
ਇਕ ਅਨਨਜ ਭਗਤਿ ਹਰਿ ਦਾਸ ਹੈ ਨਿਹਕਾਮ ਹਰਿਹ ਧਜਾਤ ਹੈਂ ॥੧॥
ਇਕ ਭਗਤਿ ਨਉਧਾ ਕਰਤਿ ਹਰਿ ਕੀ ਨਉ ਪ੍ਰਕਾਰੀ ਭਗਤਿ ਹੇ ॥
ਜਸ ਭਾਵਨੀ ਤਸ ਭਗਤਿ ਉਪਜਤਿ ਪ੍ਰੇਮ ਪ੍ਰਤੀਤਿ ਜੁਗਤਿ ਹੇ ॥

Sri Satguru Jagjit Singh Ji eLibrary NamdhariElibrary@gmail.com

जेती उपारजना सभ सेव हरि के हरिदास सनमुख सरबदा ॥
हरि बिनु न पूजत आन देवह जजत हरिजन हरि सदा ॥
पदकमल सेवत धजान धारत गुन गान कीरतनि भगति जन ॥
हो भगति मारग लीन हरि महि प्रिय प्रीति चरनन रैन दिन ॥२॥
धंनज ते जन भगति हरि के हरि जजत हरि पद सेवही ॥
हरि धजान निसदिन नेम पूरब हरि बिना जजत न केवहीं ॥
बन त्रिन सूखम असथूल सगली हरि बिरोक न जानही ॥
आतम पसारा ब्रहम मय जिम बुंद सागर मानही ॥
ब्रहम बेता दास हरि के ब्रहम गजान कमावही ॥
ब्रहम मय सभि ब्रहम पेखत ब्रहम ब्रहम धजावही ॥३॥
सुभ क्रिया सुभावक होत हरि जन सकुल कुल सुर बंस हे ॥
धन धन जननी पिता धनज है धंनज देव दिवंस हे ॥
प्रभु आगजा भव लेत हरि जन कलजान कारक जगत हे ॥
फुन लीन आगजा होत हरि महि बुंद सागर भगति हे ॥
धिग धिग मन मूड़ तोकह हरि जजजो न हरि जानजो ॥
अबिचार मति बुधि आसुरी हूै बिबसि हरि निज मानजो ॥४॥३॥१६॥४९२॥२८११॥

कबि बाच बिसनुपद छंत रामा सलोक ॥

गिरा धिकारजो असुर कह चेति भजो तन ताहि ॥
गजान गुरू हूै गिरा हरि उपदेशजो तब वाहि ॥१॥

छंत ॥ तब ते भजो चित चेतवान बहु बिधि धिकारजो आपही ॥
बपु अनित जानजो जगत सगरा हिय डरपजो परताप ही ॥
गजान उपजजो गिरा हरि ते सभि बिसै बासना खीन भउ ॥
अपन कउ हरि दास जानजो उर गजान उपजजो दीन भउ ॥
जग जान मिथजा जुटजो हरि संग समर छेत्र बिचार कै ॥
बिरोध मारग चक्र धारा गजान पउधा धार कै ॥
होइ समर सनमुख प्रलज माही निज प्रलय कारन जुटे हैं ॥
जूझहैं हरि कर निसाचर भव जनम मरनह छुटे हैं ॥

Sri Satguru Jagjit Singh Ji eLibrary NamdhariElibrary@gmail.com

ਬਾਰਿ ਬਾਰਿ ਮਿਲਾਇ ਹੈਂ ਭਟ ਗਤਿ ਬਿਵਾਨੀ ਪਾਇ ਹੈਂ ॥
ਹਰਿ ਸਮਰ ਸਨਮੁਖ ਜੂਝ ਹੈਂ ਭਵ ਸਿੰਧੁ ਭਟ ਤਰ ਜਾਇ ਹੈਂ ॥
ਜੋਤਿ ਜੋਤਿ ਸਮਾਇ ਹੈਂ ਧੰਨ ਭਾਗ ਤੂ ਬ੍ਰਿਜਨਾਦ ਹੈ ॥
ਤੁਮ ਸੁਨਹੁ ਸਜਨ ਸੰਤ ਪਜਾਰੇ ਯਹਿ ਪ੍ਰਲਜ ਭਾਰਤ ਆਦਿ ਹੈ ॥੨॥
ਉਰ ਗਜਾਨ ਉਪਜਜੋ ਅਸੁਰ ਬਪੁ ਪਹਲਾਦਿ ਬਲਿ ਜਿਮ ਧ ਜਾਜੋ ॥
ਅਸੁਰ ਮਤਿਹ ਤਜਾਗਿ ਜਬਹੀ ਹਰਿ ਪਦ ਨਿਵਾਸਹ ਪਾਜੋ ॥
ਅਮਰਾਵਤੀ ਕੋ ਰਾਜ ਪਾਜੋ ਹਰਿ ਪੱਖ ਕੀਨਜੋ ਤਾਸ ਕੋ ॥
ਨਰ ਸਿੰਘ ਰੂਪ ਧਰਜੋ ਹਰਿ ਪ੍ਰਭੁ ਉਰ ਨਖਹਿ ਛੇਦ ਹਰਿਨਾਸ ਕੋ ॥
ਬਲਿ ਪਠੈ ਦੀਨ ਪਯਾਲ ਬਾਵਨ ਦੈ ਰਾਜ ਅਬਿਚਲ ਤਾਸ ਹੇ ॥
ਹੈ ਭਗਤਿ ਬਸਿ ਤਹਿ ਦ੍ਵਾਰ ਨਿਸਦਿਨ ਹਰਿ ਕਹਾਵਤ ਦਾਸ ਹੇ ॥੩॥
ਬੇ ਮੁਖ ਹੈ ਜੇ ਜੰਤ ਹਰਿ ਤੇ ਹਰਿ ਦੂਰ ਤਾ ਸੋਂ ਜਾਨ ਲੈ ॥
ਅਬਿਚਾਰ ਮਾਯਾ ਠਾਗਿ ਜੰਤਹ ਅਗਜਾਨਤਾ ਕੁਬਾਨ ਦੈ ॥
ਤ੍ਰਿਗਦ ਜੂੰਨਿ ਬਪੁ ਅਸੁਰ ਪਾਵਤ ਭ੍ਰਮਤ ਜੂਨਿ ਅਸੰਖ ਹੇ ॥
ਜਿਮ ਬੂੰਦ ਸਾਗਰ ਤੇ ਨਜਾਰੋ ਉਸਨ ਸੀਤ ਕਲੰਕ ਹੇ ॥
ਬਹੁ ਤ੍ਰਾਸ ਸਾਸਨ ਡੰਡ ਪਾਵਤ ਕਾਲ ਕਰਮ ਅਧੀਨ ਹੇ ॥
ਆਤਮ ਗਜਾਨ ਉਪਦੇਸ ਬਿਨ ਗਰਭਾਸ ਜੋਹਤਿ ਦੀਨ ਹੇ ॥੪॥੪॥੧੭॥੪੯੩॥੨੮੧੨॥

ਬਿਸਨੁਪਦ ਛੰਤ ਰਾਮਾ ਸਲੋਕ ॥

ਸੰਗਤਿ ਕੀਜੈ ਸਾਧੁ ਕੀ ਉਪਜੈ ਆਤਮਾ ਗਜਾਨ ॥
ਸੰਤਨ ਕੇ ਪ੍ਰਸਾਦਿ ਤੇ ਭੇਟੇ ਪੁਰਖੁ ਪੁਰਾਨ ॥੧॥

ਛੰਤ ॥ ਬਿਨੁ ਭਗਤਿ ਭਗਵਤ ਪ੍ਰਾਪਤਿ ਸਾਧੁਨ ਡੂਬਗੇ ਬਹੁ ਪ੍ਰਾਨੀਆ ॥
ਬਹੁ ਜੋਨਿ ਜਨਮਤਿ ਜਠਰ ਲੇਟਤ ਨਹ ਠਉਰ ਲਹਤ ਗੁਮਾਨੀਆ ॥
ਬਿਮੁਖ ਹਰਿ ਤੇ ਦੂਰ ਭੇ ਜਨ ਬਿਗਤਿ ਗਤਿ ਨਹਿ ਪਾਵਤੇ ॥
ਕਰ ਦੀਪ ਚਾਂਦਨ ਗਰਤ ਪਰਤੇ ਬਿਨ ਗਜਾਨ ਆਤਮ ਪ੍ਰਾਪਤੇ ॥
ਜਬ ਮਿਲੇ ਸਤਿਗੁਰੁ ਸਿਖ ਮੂਰਤਿ ਉਪਦੇਸ ਗਜਾਨ ਦਿੜਾਤਮਾ ॥
ਪਾਰਸ ਪਰਸ ਜਿਮ ਲੋਸੁ ਕੰਚਨ ਤਿਮ ਹੋਤ ਸਾਧੁ ਪਾਪਾਤਮਾ ॥੧॥
ਜਬ ਬੂੰਦ ਚੇਤਤਿ ਆਪ ਕਉ ਹੈ ਰੂਪ ਸਾਗਰ ਆਪਨੋ ॥
ਭਾਵ ਦੁਤੀਜ ਬਿਲਾਤ ਤਤਛਿਨ ਮਿਟਤ ਸਗਲ ਸੰਤਾਪਨੋ ॥

Sri Satguru Jagjit Singh Ji eLibrary NamdhariElibrary@gmail.com

ਬੰਧ ਮੋਖ ਦੋਊ ਨਹੀ ਤਹਂ ਤਦਾਕਾਰ ਸ੍ਵਰੂਪ ਮੈ ॥
ਜੋਤਿ ਜੋਤੀ ਮਿਲਾਪ ਭਉ ਜਲ ਜਲ ਖਟਾਨ ਅਰੂਪ ਮੈ ॥
ਬਿਕਾਰ ਜੌ ਲੌ ਅਨਾਤਮਾ ਬੁਧਿ ਬਾਸਨਾ ਜੁਤ ਫੁਰਤਿ ਹੈ ॥
ਤਬ ਲੌ ਪ੍ਰਛਿੰਨ ਨਿਜ ਰੂਪ ਤੇ ਕਛੁ ਕਾਰਜ ਨਾਹਿਨ ਸਰਤ ਹੈ ॥੨॥
ਜਥ ਬਲਿ ਪ੍ਰਹਲਾਦਹਿ ਨਿਜ ਚਿਤਜੋ ਤਤ ਰੂਪ ਆਤਮ ਸਾਰ ਕੋ ॥
ਜਬ ਅਹੰ ਮਮਤਾ ਆਸੁਰੀ ਭਈ ਖੀਨ ਜਾਨਜੋ ਸਾਰ ਕੋ ॥
ਤਬ ਮਿਲੇ ਦੇਵ ਦ ਜਾ ਨਿਧੇ ਜਨ ਕਰੀ ਰਖਜਾ ਪ੍ਰਭੁ ਧਨੀ ॥
ਕਰ ਧਰਜੋ ਮਸਤਕ ਵਿਸਾਲ ਹੈ ਭਗਤਾਹ ਮਾਹਿ ਬਲਿ ਕਹ ਗਨੀ ॥
ਅਸੁਰ ਤੇ ਸੁਰ ਭਯੋ ਤਤ ਛਿਨ ਨਹਿ ਕਰਤਿ ਲਾਗਜੋ ਬਾਰ ਹੇ ॥
ਪਰਸਤ ਸ੍ਰੀਖੰਡ ਇਰੰਡ ਬਪੁਰੋ ਭਜੋ ਸਾਰ ਅਸਾਰ ਹੇ ॥੩॥
ਜਿਮ ਤਰੀ ਪੂਤਨਾ ਪਤਿਤਨੀ ਪਦ ਪਰਸ ਹਰਿ ਭਈ ਪਾਵਨੀ ॥
ਜਿਮ ਨਦੀ ਮਿਲਤ ਸੁਰਸਰੀ ਸੰਗਮ ਸੁਰਸਰਿ ਭਈ ਸੁਰ ਗਾਮਨੀ ॥
ਤਿਮ ਜੀਵ ਆਤਮ ਪਦ ਪ੍ਰਾਪਤ ਭਜੋ ਆਤਮ ਪਰਮਾਤਮਾ ॥
ਤਿਮ ਚਹਤਿ ਹੋਵਨ ਬੀਰਜਨਾਦ ਅਬ ਹਰਿ ਪਦ ਪ੍ਰਾਪਤ ਪਾਪਾਤਮਾ ॥
ਹੈ ਦੀਨ ਦਜਾਲੁ ਜਨਿੰਦ੍ਰ ਮਾਧੋ ਅਖਿਲ ਸ੍ਰੀ ਸਰਬਲੋਹ ਜੂ ॥
ਦੈ ਗਜਾਨ ਗਿਰਾ ਕਰ ਪ੍ਰੇਰਨਾ ਨਿਜ ਮਾਹਿ ਮੇਲਜੋ ਦੋਹ ਜੂ ॥੪॥੫॥੫੪॥੨੮੧੩॥

ਬਿਸਨੁਪਦ ਛੰਤ ਰਾਮਾ ॥ ਸਰਬ-ਸਲੋਕੀ ਸਲੋਕ ॥

ਪਸੁ ਪ੍ਰੇਤ ਜੱਛ ਅਸੁਰ ਗਨ ਨੀਚ ਮਲਿਨ ਪਾਪੱਗ ॥
ਖਗ ਮ੍ਰਿਗ ਨਾਗ ਨਰਾ ਕੁਲੀ ਹੋਤ ਪੁਨੀਤਿ ਧਰਮੱਗ ॥੧॥

ਸਲੋਕ ॥ ਕ੍ਰਿਪਾਵੰਤ ਸਤਿਗੁਰ ਧਨੀ ਕਰਤ ਪੁਨੀਤਿ ਦਜਾਲ ॥
ਕ੍ਰਿਪਾ ਕਟਾਛ ਵਿਲੋਕਨੋ ਨਦਰੀ ਨਦਰਿ ਨਿਹਾਲ ॥੨॥

ਸਲੋਕ ॥ ਜੇ ਜੇ ਪਖ ਹਰਿ ਕਰਤਿ ਹੈਂ ਹਰਿ ਪਖਿ ਕਰਤਿ ਸਹਾਯ ॥
ਗਿਧ ਗਜੰਦ ਜਬ ਚੇਤਜੋ ਜਮ ਤੇ ਲੀਯੋ ਛਡਾਯ ॥੩॥

ਸਲੋਕ ॥ ਖਗ ਤਨ ਮਲਿਨ ਕ੍ਰਿਤਾਤਮਾ ਗਿੱਧ ਜੰਤ ਕੁਲ ਨੀਚ ॥
ਹਰਿ ਹਿਤੁ ਤਜਜੋ ਪ੍ਰਾਨ ਪ੍ਰਿਯ ਅਕਾਲ ਮ੍ਰਿਤ ਕੋ ਮੀਚ ॥੪॥

ਸਲੋਕ ॥ ਗ੍ਰਸਜੋ ਗ੍ਰਾਹ ਗਜਰਾਜ ਜਬ ਸਿਮਰਜੋ ਰਿਦੈ ਗੋਪਾਲ ॥
ਰੱਛ ਰੱਛ ਹਾ ਹਾ ਪ੍ਰਭੂ ਸਰਨ ਸਰਨ ਪ੍ਰਨ ਪਾਲ ॥੫॥

Sri Satguru Jagjit Singh Ji eLibrary NamdhariElibrary@gmail.com

ਛੰਤ ॥ ਜਾਮਵੰਤ ਅੰਗਦ ਹਨੂ ਸੁਗ੍ਰੀਵ ਬਭੀਖ੍ਹਨਾਦਿ ਕਟਕ ਸਭਿ ॥
ਤੇ ਕਰੇ ਪ੍ਰਭ ਪਾਵਨ ਸਭੀ ਹਰਿ ਦਾਸ ਸੇਵਕ ਸਫਲ ਅਭਿ ॥
ਤੇ ਭਏ ਪਾਵਨ ਦਾਸ ਹਰਿ ਕੇ ਪ੍ਰਭ ਸੇਵ ਦਾਸਨ ਭਾਇ ਬਨ ॥
ਅਟਲ ਪਦਵੀ ਭਏ ਪ੍ਰਾਪਤ ਸੁਭਗ ਸੁਰਗਨ ਸੇਵ ਪਰਨ ॥
ਚਾਰਨ ਜੱਛ ਗੰਧ੍ਰਬ ਬਿਦ੍ਯਾਧਰਾ ਪਾਵਨ ਹੋਤ ਭੇ ॥
ਹਰਿ ਹੇਤੁ ਗਾਨ ਗੁਨ ਧੁਨਿ ਅਲਾਪਤਿ ਅਛਰਾ ਗੁਨ ਨ੍ਰਿਤ ਹੇ ॥੧॥
ਆਪ ਆਪਨ ਗੁਨ ਸਰਾਹਤ ਕੇਈ ਗਾਨ ਨ੍ਰਿਤ ਕੇਈ ਬੀਰ ਭਾਵ ॥
ਪ੍ਰਭੂ ਤਾ ਕਹ ਨਿਜ ਧਾਮ ਦੇਵਤ ਕਰਤ ਬਿਸਨੁ ਮਯ ਦੇਤ ਥਾਵ ॥
ਗਿਧ ਹਰਿ ਹਿਤੁ ਪ੍ਰਾਨ ਦੀਨਜੋ ਸਮਰ ਰਾਵਨ ਮੀਚ ਭਉ ॥
ਪੱਖ ਕਰ ਧਰਮ ਜੁੱਧ ਜੂਝਜੋ ਪਖ ਬਿਨ ਭਯੋ ਜੂਝ ਗਉ ॥
ਨਹ ਭਜਯੋ ਪਖ ਪਖ ਪਰ ਨ ਰਾਖਜੋ ਉਧਰ ਗਉ ਪ੍ਰਭੂ ਕਰ ਪੁਨੀਤਿ ॥
ਬਿਸਨੁ ਮਯ ਬਿਸਨੁ ਲੋਕ ਬਾਸ ਜੋ ਬਿਦਿਤ ਸਾਸਤ੍ਰਨ ਰਿਖਿਨ ਕੀਤਿ ॥੨॥
ਗਜ ਪਰ ਜੋ ਸੰਕਟ ਮਾਹਿ ਜਬਹੀ ਗ੍ਰਸਜੋ ਗ੍ਰਾਹ ਲੈ ਚਲਜੋ ਜਬ ॥
ਪੁਸਪਦਲ ਪੁੰਡਰੀਕ ਅਰਪਜੋ ਪੁਕਾਰ ਕੀਨੀ ਚਿਤਜੋ ਨਭ ॥
ਭਜ਼ਜੋ ਸ੍ਰੀਧਰ ਅੰਤ ਅਉਸਰ ਜਗਦੀਸ ਟੇਰਜੋ ਫੰਦ ਮੈ ॥
ਪਗ ਨਾਂਗ ਸ੍ਰੀਧਰ ਸੀਘਰ ਆਏ ਗ਼ਜ ਕਰੀ ਰੱਛ ਜ਼ਾ ਬੰਦ ਮੈ ॥
ਪਤਿਤ ਪਾਵਨ ਬਿਰਧ ਕਹਿਜਤ ਪ੍ਰਪੰਨ ਜਨ ਆਰਤ ਹਰਨ ॥
ਦਾਸ ਦੁਖਿਤ ਨਿਜ ਦੁਖ ਪ੍ਰਮਾਨਤ ਦਾਸ ਸੁਖ ਸੁਖ ਆਚਰਨ ॥੩॥
ਲੈ ਚਕ੍ਰ ਕਾਟਜੋ ਫੰਧ ਗਜਪਤਿ ਉਬਾਰ ਲੀਨਜੋ ਸਰਨ ਜੋਗ ॥
ਪ੍ਰਨ ਕਾਰਕ ਪ੍ਰਨ ਪਾਲਕ ਸਰਨ ਦਾਤਾ ਹੀਤੁ ਲੋਗ ॥
ਜੇ ਭਜਤ ਪ੍ਰਭੁ ਕਹ ਪ੍ਰਭੁ ਭਜਤ ਵਾ ਕਹ ਪਰਸਪਰ ਯਹਿ ਬਿਦਿਤ ਹੈ ॥
ਘਾਲ ਬ੍ਰਿਥਾ ਨ ਹੋਤਿ ਕਾਹੂੰ ਪ੍ਰਭ ਨੀਤਿ ਪੂਰਬ ਕਰਤ ਹੈ ॥
ਜੇ ਜੇ ਜਿਹ ਅਉਸਰ ਭਜਜੋ ਸ੍ਰੀਪਤਿ ਪਰਯੋ ਸਰਨਾਗਤਿ ਜਬੈ ॥
ਸੁਹਿਰਦਤਾ ਹਰਿ ਕਰਤ ਵਾ ਹੀ ਤਉਨ ਅਉਸਰ ਚਰ ਤਬੈ ॥੪॥੬॥੧੬॥੪੬੫॥੨੮੧੪॥

ਬਿਸਨੁਪਦ ਛੰਤ ਰਾਮਾ ਸਲੋਕ ॥
ਬਾਸਕ ਪ੍ਰਨਤ ਪੁਨੀਤਿ ਭਉ ਸੇਖਸਾਯ ਜਲ ਸੈਨ ॥
ਸੇਜਯਾ ਕਰ ਹਰਿ ਸੈਨਹੀ ਨਿਸ ਬਾਸੁਰ ਸੁਖ ਚੈਨ ॥੧॥

Sri Satguru Jagjit Singh Ji eLibrary NamdhariElibrary@gmail.com

ਛੰਤ ॥ ਕਰਤੁ ਸੈਨ ਮੁਰਾਰਿ ਨਿਸਦਿਨ ਜਲਾ ਬਿੰਬ ਅਸਗਾਹ ਹੇ ॥
ਸੇਖ ਸੇਜਜਾ ਪੈਂਢ ਸ੍ਰੀ ਪਤਿ ਸੇਖਸਾਯ ਉੱਛਾਹ ਹੇ ॥
ਸਿੰਧੁ ਸੁਤਾ ਤਹਿ ਪਗ ਪਲੋਸ੍ਰਤ ਦੁਰਗਮ ਸਥਾਨ ਨੀਰਾਲ ਜੰ ॥
ਪਦਮ ਨਾਭਿ ਤੇ ਬ੍ਰਹਮ ਉਪਜਜੋ ਚਤੁਰ ਬੇਦ ਸਮਾਲਜੰ ॥
ਪਰਮ ਪਾਵਨ ਸ੍ਰੀ ਕਮਲਾਪਤਿ ਸਹਿਤ ਕਮਲਾ ਰਾਜਹੀ ॥
ਕਮਲ ਨਾਭਿ ਪਾਰਬ੍ਰਹਮ ਬੈਠੇ ਬੇਦ ਧੁਨਿ ਗੁਨ ਛਾਜ ਹੀ ॥੧॥

ਸਲੋਕ ॥ ਧੰਨਜ ਭਾਗ ਤੁਅ ਨਾਗ ਧੰਨਜ ਧੰਨਜ ਕੁਲੀ ਪ੍ਰਧਾਨ ॥
ਸ੍ਰੀ ਜੁਤ ਬ੍ਰਹਮਾ ਸਹਿਤ ਜਹਿ ਪੌੜੇ ਸ੍ਰੀ ਨਾਰਾਨ ॥੧॥

ਛੰਤ ॥ ਭਵ ਪੁਨੀਤਿ ਅਹਿ ਜਾਤਿ ਤ੍ਰਿਗਦ ਜੋਨਿ ਪਾਵਨ ਭਯੋ ॥
ਜਿਮ ਇਰੰਡ ਇਤਜਾਦਿ ਕਾਸ੍ਰ ਸੰਗਿ ਪਰਮਲੈ ਬਸਿ ਬਾਵਨ ਭਯੋ ॥
ਤੈਸ ਜੇ ਜੇ ਸਰਨ ਆਏ ਗਤਿ ਬਿਵਾਨੀ ਪਾਇ ਹੈਂ ॥
ਹਰਿ ਦਾਸ ਹਰਿ ਮਿਲ ਸਦਾ ਪਾਵਨ ਸੁਤਿ ਸਾਸਤ੍ਰ ਸਿਮ੍ਰਿਤਿਨ ਗਾਇ ਹੈਂ ॥
ਮਹਾ ਸਾਧੁ ਸੁਸ਼ੀਲ ਬਾਸਿਕ ਬਡ ਭਾਗ ਸੇਵਕ ਸ੍ਰੀ ਹਰੀ ॥
ਪਾਵਨ ਪੁਨੀਤਿ ਸ੍ਰੀਪਤਿ ਸਮੀਪੀ ਖਾਸ ਸੇਵਕ ਨਰਹਰੀ ॥੨॥

ਸਲੋਕ ॥ ਮਾਨਸ ਜਨਮ ਦੁਲੰਭ ਹੈ ਬਾਂਛਿਤ ਸੁਰ ਸਿਧ ਬ੍ਰਿੰਦ ॥
ਭਾਗ ਬਡੇ ਤੇ ਪਾਈਐ ਮਾਨਸ ਜਨਮ ਸੁਖਿੰਦ ॥੧॥

ਛੰਤ ॥ ਤਾਰ ਜੋ ਸਰੀਰ ਮਨੁਖ ਕੇਰਾ ਧਰਜੋ ਮਾਨਸ ਬਪੁ ਧਰੀ ॥
ਅਖਿਲ ਅਜ ਅਨੀਹ ਗਾਹਤ ਸਾਸਤ੍ਰ ਸਿਮ੍ਰਿਤਿ ਰਿਖਿ ਕਰੀ ॥
ਯਾ ਬਪੁ ਉਧਾਰਨ ਹੇਤੁ ਪਾਵਨ ਕਰਨ ਅਉਤਾਰੀ ਬਨੇ ॥
ਆਜੋਨੀ ਆਦਿ ਅਸੰ ਆਯੁ ਯਾ ਕਹਿਤ ਤ੍ਰਿਗੁਨ ਮੁਨਿ ਜਨ ਗੁਨੇ ॥
ਧਰ ਮਨੁਜ ਬਪੁ ਭਗਵਾਨ ਪਾਵਨ ਕਰਜੋ ਯਾ ਬਪੁ ਮਾਨੁਖੀ ॥
ਬਾਂਛਿਤ ਯਾ ਬਪੁ ਕਹੁ ਸੁਰਾਸੁਰ ਕਿਧੋ ਹੋਇ ਪ੍ਰਾਪਤ ਬਪੁ ਸੁਖੀ ॥੩॥

ਸਲੋਕ ॥ ਜਹ ਬਪੁ ਕਹ ਹਰਿ ਧਾਰਹੀਂ ਸੰਤਨ ਹਿਤੁ ਜਗ ਮਾਹਿ ॥
ਮਾਨਸ ਤਨ ਦੁਰਲਭ ਬਡੋ ਸਭੀ ਸਰਾਹਤ ਤਾਹਿ ॥੧॥

ਛੰਤ ॥ ਸਾ ਮਨੁਜ ਬਪੁ ਪ੍ਰਭੁ ਜਗ ਰਚਜੋ ਜੁਗ ਚਤੁਰ ਮਾਨੁਖ ਹੋਤ ਭੇ ॥
ਰਿਖਿ ਤਪੀ ਯੋਗੀ ਮੁਨਿ ਜਨਾਂ ਸੰਤ ਭਗਤਿ ਭਗਵਤ ਜੋਤਿ ਹੇ ॥

Sri Satguru Jagjit Singh Ji eLibrary NamdhariElibrary@gmail.com

ਤਾ ਮਹਿ ਸ੍ਰੇਸ੍ਠ ਅਉਤਾਰ ਸ੍ਰੀ ਲਖਮੀ ਨਾਰਾਜਨ ਭਗਤਿ ਜਨ ॥
ਬਾਵਨ ਪਰਸੁਰਾਮ ਰਾਮ ਚੰਦ੍ਰ ਕ੍ਰਿਸਨ ਚੰਦ੍ਰ ਜਨਾਰਰਨ ॥
ਨਰ ਨਾਰਾਜਨ ਮੋਹਨਿ ਰੂਪ ਭਗਵਾਨ ਪਰਮਪਾਵਨ ਜਗਤ ਗੁਰ ॥
ਨਰ ਤਨ ਧਰਜੋ ਪਾਵਨ ਕਰ ਜੋ ਪਾਵ ਤਉ ਸਫਲ ਨਰ ਬਿਦਿਤ ਸੁਰ॥੪॥੭॥੨੦॥੪੯੬॥੨੪੧੫॥

ਬਿਸਨੁਪਦ ਰਾਮਾ ਛੰਤ ਤਰਹ ਦੂਜੀ ਸਲੋਕ ॥

ਨਰ ਤਨ ਉਧਰੇ ਹਰਿ ਸਰਨ ਸੰਤ ਸੰਗ ਭਜੋ ਮੋਖ ॥
ਹਲਤ ਪਲਤ ਸੁਧਰੇ ਦੋਊ ਈਤ ਊਤ ਪ੍ਰਲੋਕ ॥੧॥

ਛੰਤ ॥ ਧ੍ਰੂਅ ਪ੍ਰਹਲਾਦਿ ਅੰਬਰੀਕ ਤਨ ਮਨੁਜ ਕੋ ਪਾਇ ਅਵਤਰੇ ਵਪੁ ਜਨਕ ਸੁਕਦੇਵ ਹੇ ॥
ਜੈਦੇਵ ਧੰਨਾ ਨਾਮਦੇਵ ਤਾਰੀ ਤਨੁ ਮਾਨੁਖੀ ਗਤਿ ਭਈ ਭਗਤਿ ਕੇ ਭੇਵ ਹੇ ॥
ਬੇਨੀ ਕਬੀਰ ਸੈਨ ਤਨ ਮਨੁਖ ਧਰ ਤਾਰ ਲੀਨੀ ਦੇਹ ਅੰਧ ਪੰਚਭੂਤਕੀ ॥
ਰਵਿਦਾਸ ਬਾਲਮੀਕਿ ਬਧਿਕ ਪਦ ਅੰਬਜੁ ਸਨ ਤਨ ਮਨੁਖ ਲੈ ਤਰੇ ਵਪ ਸੂਤਕੀ ॥
ਅਉਰ ਜੇ ਜੇ ਭਏ ਗਨੇ ਤਿਨ ਕਉਨ ਹੇ ਤਲ ਮਨੁਖ ਯਾ ਜਜਤ ਆਏ ॥
ਭਜਨ ਪ੍ਰਤਾਪ ਗੋਬਿੰਦ ਤ੍ਰਿਭਵਨ ਧਨੀ ਉਧਾਰ ਲੀਨੁ ਵਪੁ ਮੁਕਤਿ ਪਾਏ ॥੧॥
ਉਧਾਰ ਲੀਨੁ ਵਪੁ ਮਾਨੁਖੀ ਭਗਤਿ ਜਨ ਭਗਤਿ ਅਵਤਾਰ ਲੈ ਤਰਨ ਕੀਨੋ ॥
ਲੀਨ ਵਤਾਰ ਭਗਵਾਨ ਨਰ ਤਨ ਧਰਿ ਭਈ ਤਬ ਮੋਖ ਮਲ ਮੂਤ੍ਰ ਹੀਨੋ ॥
ਛਿਨਭੰਗ ਨਹ ਕਾਜ ਕਛੂਹੂੰ ਸਰਤ ਯਹਿ ਸੋਂ ਭਗਤਿ ਭਗਵੰਤ ਹੈ ਸਾਰ ਯਾ ਮੈ ॥
ਯਾਹਿ ਗੁਨ ਬਡੋ ਅਭਿਲਾਖ ਸੁਰ ਕਰਤਿ ਹੈ ਭਜਨ ਸਤਿ ਸੰਗ ਗੋਬਿੰਦ ਨਾਮੈ ॥
ਰਟਤ ਗੁਨ ਗੋਬਿੰਦ ਗੋਬਿੰਦ ਰਸਨਾ ਜਪੈ ਜਾਤਿ ਕੁਲ ਬਰਨ ਬਿਬੇਕ ਨਾਹੀ ॥
ਭਜਨ ਹੈ ਸਾਰ ਸਤ ਬਰਨ ਪਾਵਨ ਕਰੈ ਕਰਤ ਸ੍ਰੀਖੰਡ ਜਿਮ ਕਾਸ ਪਾਹੀ ॥੨॥
ਨੇਤ੍ਰ ਪੁਨੀਤਿ ਹਰਿ ਰੂਪ ਪੇਖੇ ਸਦਾ ਰਮ ਰਹਾ ਹੈ ਰਾਮ ਬਨ ਤ੍ਰਿਨ ਸਾਰੇ ॥
ਪੇਖ ਹਰਿ ਦਰਸ ਨਿਜ਼ ਰੂਪ ਮੈ ਮਗਨ ਭਈ ਪੇਖ ਹਰਿ ਰੂਪ ਤ੍ਰੈਲੋਅ ਵਾਰੇ ॥
ਬਸਤ ਭਗਵਾਨ ਅਤਿ ਸਜਾਮਤਾ ਅੰਜਨੰ ਨਿਜ ਰੂਪ ਨਿਰੰਜਨੰ ਆਪ ਸਾਹਿਬ ॥
ਲਖਿ ਜੁਗਿੰਦ੍ਰ ਛਕ ਰਹੇ ਦਰਸ ਪਿਖ ਲਗੀ ਜੁਗ ਨੈਨ ਰਾਹਬ ॥
ਕਰਤਿ ਇਸਨਾਨ ਤ੍ਰਿਕੁਟਿ ਬੇਨੀ ਤਹਾਂ ਗੰਗ ਅਉ ਜਮੁਨ ਸੰਗਮ ਨਾਵੈ ॥
ਚਛੁ ਪ੍ਰਧਾਨ ਭਏ ਯਾਹਿ ਗੁਨ ਮੁਨਿ ਕਹਿਤ ਹੈਂ ਦੁਰਲਭ ਵਪੁ ਮਨੁਜ ਸੁਰ ਸਿਧ ਭਾਵੈ ॥੩॥
ਸ੍ਰੋਤ ਪੁਨੀਤਿ ਹਰਿ ਕਥਾ ਸ੍ਰਵਨ ਕਰੈ ਭਗਤਿ ਭਾਗਵਤ ਹਰਿ ਸੰਤ ਸੰਗੇ ॥
ਸ੍ਰਵਨਨ ਮਨਿਨ ਅਧਜਾਸਤ ਹ੍ਵੈ ਕਰਤਿ ਹੈ ਭਜਨ ਜਗਦੀਸ ਯਹ ਦਾਨ ਮੰਗੇ ॥

Sri Satguru Jagjit Singh Ji eLibrary NamdhariElibrary@gmail.com

ਧੁਨਿ ਅਨਹਤਾ ਭਵਰ ਗੁੰਜਾਰ ਆਦਿਕ ਦਸਕ ਸੁਨਤ ਜੋਗੇਂਦ੍ਰ ਕਰ ਸ੍ਰਵਨ ਦ੍ਵਾਰੇ ॥
ਤਾਲ ਮ੍ਰਿਦੰਗ ਦੁੰਦਭਿ ਭੇਰੀ ਪਨਵ ਸੁਨਤ ਧੁਨਿ ਲਲਤ ਬ੍ਰਹਮੰਡ ਚਾੜੇ ॥
ਲਗਤਿ ਤਾੜੀ ਸੁੰਨ ਗਗਨ ਸਮਾਧਿ ਧਰ ਧਜਾਨ ਪਰਮਾਤਮਾ ਦਰਸ ਦੇਖੇ ॥
ਸ੍ਰਵਨ ਗੁਨ ਬਡੋ ਹਰਿ ਕਥਾ ਜੋ ਸੁਨੈ ਰੇ ਸਾ ਸ੍ਰਵਨ ਪੁਨੀਤਿ ਜਸ ਸ੍ਰਵਨ ਲੇਖੇ ॥
॥੪॥੮॥੨੫॥੪੯੭॥੨੮੧੬॥

ਬਿਸਨੁਪਦ ਛੰਤ ਰਾਮਾ ਤਰਹ ਦੂਜੀ ਸਲੋਕ ॥

ਆਇਆ ਤਾ ਕਾ ਸਫਲ ਹੈ ਪਰ ਉਪਕਾਰੀ ਹੋਇ ॥ ਦੂਖ ਸਹੈ ਸਿਰ ਆਪੁਨੇ ਸੁਖਦਾਈ ਸਭਿ ਕੋਇ ॥੧॥

ਛੰਤ ॥ ਚਰਨ ਪੁਨੀਤਿ ਹਰਿ ਪੰਥ ਚਾਲਤਿ ਹਰਿ ਦਰਸਨ ਹਿਤੁ ਦੂਖ ਸੁਖ ਸਹਿਤ ॥
ਤੀਰਥਿ ਗਵਨ ਕਰ ਧਾਮ ਜਾਤ੍ਰਾ ਸੀਤ ਉਸਨ ਸਮ ਕਰ ਲਖਤ ॥
ਨ੍ਰਿਤਤਿ ਪਗ ਪਗ ਚਲਤ ਮਾਰਗ ਅਸ੍ਰਾਂਗ ਪੂਜਤ ਨਰ ਹਰੀ ॥
ਪਗ ਬਾਂਧ ਘੁੰਘਰੁ ਝਾਂਝ ਨੇਵਰ ਨ੍ਰਿਤਿ ਪਦ ਪਦ ਹੋਤ ਰੀ ॥
ਚਰਨ ਪੁਨੀਤਿ ਪਵਿਤ੍ਰ ਸਾ ਹਰਿ ਮਗ ਚਾਲੈ ਸੁਭ ਪੰਥ ਪੱਗ ॥
ਤਜ ਕੁਪੰਥਨ ਹਟਕ ਬਿਖ ਜਨੁ ਕੁਮਾਰਗ ਰੋਕਤ ਚਰਨ ਜੁਗ ॥੧॥
ਹਸਤ ਪੁਨੀਤਿ ਪ੍ਰਧਾਨ ਜੋ ਲੇਖਹਿ ਹਰਿ ਕਥਾ ॥
ਹਰਿ ਜਸ ਲਿਖਹਿ ਨਿਤਾਪ੍ਰਤਿ ਨਿਵਾਵਹ ਪ੍ਰਭੁ ਮਥਾ ॥
ਲਿਖਹ ਹਰਿ ਜਸ ਹਸਤ ਪਾਵਨ ਭਗਤਿ ਭਗਵਤ ਗੀਤ ਹੇ ॥
ਹਰਿ ਕਥਾ ਪਾਵਨ ਅਘ ਕ੍ਰਿਤ ਨਸਾਵਨ ਰਾਮ ਨਾਮ ਪੁਨੀਤਿ ਹੇ ॥
ਲਿਖਤ ਹਰਿ ਜਸ ਭਗਤਿ ਹਰਿ ਕੇ ਕਰਤ ਬੰਦਨ ਕਰ ਦੋਊ ॥
ਧੰਨ ਕਰ ਪ੍ਰਭੁ ਕਹੁ ਜੁਹਾਰਤ ਦੇਹਿ ਅਸੀਸਨ ਕਰ ਸੋਊ ॥੨॥
ਦਾਨ ਦੇਤ ਸਾ ਪਾਨ ਪਾਵਨ ਬ੍ਰਹਮ ਦ੍ਵਿਜਵਰ ਪੂਜਨੰ ॥
ਭੂਮਿ ਕੰਚਨ ਬਸਨ ਭੂਖਨ ਅੰਨ ਭੀਖਕ ਭੋਜਨੰ ॥
ਗ੍ਰਿਹ ਨਾਰਿ ਦਾਸਨ ਦਾਸਿ ਪੁਰ ਗੌ ਬਤਸ ਛੇਤ੍ਰਨ ਦਾਨ ਹੇ ॥
ਦੇਤ ਭਿੱਛਕਨ ਬਿਬਿਧ ਬਿਧ ਸੁਭ ਦ੍ਰਬ ਦੱਛਨ ਧਾਨ ਹੇ ॥
ਕਰਤ ਰੱਛਜਾ ਦੀਨ ਪ੍ਰਭੁ ਜਨਨ ਨਗਰ ਬਾਸਿਨ ਧੁਜਾ ਹੇ ॥
ਦਲਤ ਦੁਸ੍ਟਨ ਥਾਹੁ ਬਿਕ੍ਰਮ ਕ੍ਰਿਪਾਨ ਪਾਨਨ ਭੁਜਾ ਹੇ ॥੩॥
ਧਰਮਧਜਾ ਸਹਾਇ ਦੀਨਨ ਪ੍ਰਜਾ ਰੱਛਕ ਜਾਨੀਯੈ ॥
ਜੁਗ ਪਾਨ ਮਸਤਕ ਛਤ੍ਰ ਛਾਯਾ ਸੁਖਦਾਜ ਦੀਨਨ ਮਾਨੀਯੈ ॥

Sri Satguru Jagjit Singh Ji eLibrary NamdhariElibrary@gmail.com

ਸ੍ਰੀਰ ਸਾ ਪ੍ਰਧਾਨ ਗਨੀਏ ਉਪਕਾਰ ਕਾਰਕ ਤਾਪਸੀ ॥
ਧੰਨ ਸਾ ਵਪੁ ਮਨੁਖ ਕਹੀਏ ਸਫਲ ਆਇਆ ਜਾਪਸੀ ॥
ਪਸੁ ਪ੍ਰੇਤ ਤ੍ਰਿਗਦ ਤੇ ਬੁਰੈ ਹਰਿ ਬਿਮੁਖ ਜੇ ਤਨ ਜਗ ਜਏ ॥
ਬਸਤ ਦੋਜ਼ਖ ਬਾਸ ਕਲਪਨ ਬਿਗਤਿ ਅਧੁਗਤਿ ਦੁਖ ਨਏ ॥੪॥੯॥੨੨॥੪੯੮॥੨੮੭੭॥

ਬਿਸਨੁਪਦ ਛੰਤ ਰਾਮਾ ਸਲੋਕ ॥ ਨਰ ਤਨ ਸਫਲ ਪੁਨੀਤਿ ਭਯੋ ਲੀਨ ਅਵਤਾਰ ਮੁਰਾਰਿ ॥
ਆਪ ਮੁਕਤਿ ਪਾਵਨ ਕਰਤ ਤਾਰਤ ਜੰਗ ਸੰਸਾਰ ॥੧॥
ਛੰਤ ॥ ਨਿਹਫਲ ਹੋਤਿ ਨ ਘਾਲ ਕਾਹੂੰ ਬ੍ਰਿਥਾ ਹੋਤ ਨ ਸੇਵ ਹੇ ॥
ਅੰਤਰੰਗ ਬਾਸੀ ਪ੍ਰਭੁ ਅਬਿਨਾਸੀ ਪਤਿਤ ਪਾਵਨ ਦੇਵ ਹੇ ॥
ਪਾਪਾ ਬਿਨਾਸਨਿ ਨਾਮ ਹਰਿ ਕਾ ਲੇਤ ਭਵ ਸਾਗਰ ਤਰੇ ॥
ਜਮਦੂਤੁ ਜੋਹ ਨ ਸਕਹ ਤਾਂ ਕਹੁ ਦੂਰ ਤੇ ਜਮ ਗਨ ਡਰੇ ॥
ਹਰਿ ਧਾਮ ਹੋਤਿ ਨਿਵਾਸ ਤਾਸ ਜੋ ਜਪੇ ਨਿਸਦਿਨ ਹਰਿ ਹਰੇ ॥
ਦੇਤ ਅਬ ਦ੍ਰਿਸ੍ਟਾਂਤ ਸਾਸਤ੍ਰਨ ਜਿਹ ਬਿਧ ਪਤਿਤ ਪਾਵਨ ਕਰੇ ॥੧॥
ਅਜਾਮਲ ਅਪਕਰਮ ਕਾਰਕ ਰਮਤੁ ਬੇਸਜਾ ਨਿਸ ਦਿਨਾ ॥
ਨਹ ਸੇਵ ਪੂਜਾ ਜਜਨ ਸ੍ਰੀਪਤਿ ਨਹ ਜਾਪ ਮੰਤ੍ਰ ਮੁਨੀਜਨਾ ॥
ਰਮਤੁ ਬੇਸਜਾ ਪਾਨ ਮਦਰਾ ਮ੍ਰਿਗਨ ਹਿੰਸਾ ਕਰਤੁ ਹੇ ॥
ਮਗਨੁ ਨਿਸ ਦਿਨ ਰਸਨ ਇੰਦ੍ਰਿਜਨ ਲੁਬਧ ਗਨਿਕਾ ਗਰਤੁ ਹੇ ॥
ਭੂਲ ਗਉ ਕੁਲ ਧਰਮ ਕ੍ਰਿਜਾ ਬੇਦ ਰੀਤਿ ਮਿਰਜਾਦ ਹੇ ॥
ਉਲੰਘ ਸ੍ਰੁਤਿ ਸਾਸਤ੍ਰ ਮਰਜਾਦਾ ਕੁਬੁਧਿ ਇੰਦ੍ਰਿਜਨ ਸਾਦ ਹੇ ॥੨॥
ਭਈ ਆਗਜਾ ਜਮ ਗਨਾ ਆਇ ਗਹਜੋ ਅਜਾਮਲ ਦੂਤ ਹੇ ॥
ਪਾਪਾ ਕਮਾਨੇ ਉਘੜ ਆਏ ਬਹੁ ਤ੍ਰਾਸ ਸਾਸਨ ਹੋਤ ਹੇ ॥
ਕੰਠ ਰੁਕਜੋ ਹੋਤੁ ਨ ਸਬਦ ਤਾ ਮਹਿ ਬਾਤ ਪਿੱਤ ਕਫ ਰੋਕ ਹੇ ॥
ਚਿਤ ਬਾਸਨਾ ਮਨ ਗ੍ਰਹਸਤ ਲੁਬਧਜੋ ਸੁਤ ਨਾਰਿ ਸੰਪਤਿ ਸੋਕ ਹੇ ॥
ਅਕੁਲਾਇ ਟੇਰ ਉਠਜੋ ਨਾਰਾਇਨ ਹੇ ਪੁਤ੍ਰ ਪ੍ਰਾਨ ਰਖ ਲੀਜਿਜੈ ॥
ਯਹਿ ਸੁਨਤ ਜਮਗਨ ਛੋਡ ਭਾਗੇ ਧਰਮ ਢਿਗ ਕਾ ਕੀਜਿਜੈ ॥੩॥

ਚਉਥੀ ਪਉੜੀ ਵਿਚ ਉੱਚਾਰ ਹੋਆ ਸਲੋਕ ॥
ਸੁਨਤ ਨਾਮ ਗੋਬਿੰਦ ਕਾ ਛੋਡ ਗਏ ਜਮ ਦੂਤ ॥
ਆਏ ਰੱਛਜਾ ਕਰਨ ਤਿਸ ਸੁਰਗਨ ਸਾਧੁ ਪੁਰਹੂਤ ॥੧॥

Sri Satguru Jagjit Singh Ji eLibrary NamdhariElibrary@gmail.com

ਛੰਤ ॥ ਪੁਤ੍ਰ ਕੇ ਹੇਤੁ ਕਹਜੋ ਨਾਰਾਇਨ ਹਰਿ ਮਾਨਗੇ ਨਿਜਪਦ ਬਿਖੇ ॥
ਤਿਹ ਦਰਸ ਦੀਨਾ ਪਵਿਤ੍ਰ ਕੀਨਾ ਗੋਬਿੰਦ ਕੀ ਗਤਿ ਕੋ ਲਖੇ ॥
ਜੇ ਭਜਿਤ ਮਨੁ ਚਿਤੁ ਲਾਇ ਸ੍ਰੀ ਪਤਿ ਹੋਤੁ ਹਰਿ ਪਦ ਪ੍ਰਾਪਤੇ ॥
ਯਾ ਮਹਿ ਕਛੁ ਸੰਦੇਹ ਨਾਹਨ ਮੁਨਿ ਬਿਦਿਤ ਭਾਖਤ ਸਾਸਤੇ ॥
ਜੈਸਿ ਜਾ ਕੀ ਭਾਵਨੀ ਚਿਤ ਬਾਸਨਾ ਤਿਸ ਫੁਰਤਿ ਹੈ ॥
ਤਜਾਗ ਸਗਲ ਜੰਜਾਲ ਮਿਥਜਾ ਕਿਮ ਚਰਨ ਕਮਲ ਨ ਜੁਰਤਿ ਹੈ॥੪॥੧੦॥੨੩॥੪੬੬॥੨੮੧੮॥

ਬਿਸਨੁਪਦ ਛੰਤ ਰਾਮਾ ਸਲੋਕ ॥

ਜਿਹ ਜਿਹ ਜਿਹ ਅਉਸਰ ਭਜਜੋ ਹਰਿ ਤਬ ਭਏ ਸਹਾਇ ॥
ਜਾਨੁ ਆਪੁਨੋ ਹਾਥ ਦੇਇ ਸੰਕਟਿ ਲੀਜੋ ਬਚਾਇ ॥੧॥

ਛੰਤ ॥ ਜਬ ਪਕੜ ਦ੍ਰੌਪਦੀ ਸਭਾ ਆਨੀ ਦੁਹਸਾਸਨਿ ਬੈਠਹੁ ਜਹਾਂ ॥
ਪਾਂਡਵ ਨਿਰਖਤਿ ਨਾਰਿ ਚਿਤਵਤ ਬਸਾਤ ਨਾਹਨ ਕਛੁ ਤਹਾਂ ॥
ਦੁਸ੍ਟ ਸਭਾ ਮਿਲ ਮੰਤ੍ਰ ਕੀਨੋ ਨਗਨ ਕਰੀਏ ਦ੍ਰੌਪਦੀ ॥
ਖੜੇ ਪਾਂਡਵ ਨਿਰਖੇਂ ਲਾਜ ਮਰਿਹੈਂ ਇਹ ਬਜੋਤਿ ਕੀਨੀ ਨ੍ਰਿਪਤੀ ॥
ਧਰ ਬਸਨ ਛੀਨਤ ਹਸਤ ਖਿਰ ਖਿਰ ਦੁਸ੍ਟ ਮਨ ਆਨੰਦ ਹੇ ॥
ਕਰ ਰੁਦਨ ਦ੍ਰੌਪਦਿ ਹਰੀ ਬਿਨਵਤਿ ਸਹਾਇ ਹੋਹੁ ਮੁਕੰਦ ਹੇ ॥੧॥
ਸੁਨਿ ਸ੍ਰਵਨ ਬਾਨੀ ਪੰਡੁ ਰਾਨੀ ਆਰਤਿ ਹਰਨ ਗੁਪਾਲ ਹੇ ॥
ਰਖਜੋ ਲਜਜਾ ਬਸਤ੍ਰ ਛੀਨਤਿ ਦੀਨ-ਬੰਧੁ ਦਯਾਲ ਹੇ ॥
ਅੰਬਾਰ ਲਾਗਜੋ ਬਸਨ ਛੀਨਤੁ ਨਹਿ ਨਗਨ ਹੋਵਨੁ ਦੀਨ ਹੇ ॥
ਸਪਤ ਬਾਸੁਰ ਰੇਨ ਦੁਸ੍ਟਨ ਅਵਗਜਾ ਕਰੀ ਮਤਿ ਹੀਨ ਹੇ ॥
ਰਖ ਲੀਨ ਪਰਨ ਬਿਰਦ ਲਾਜ ਰਾਖ ਜੋ ਸੁਹ੍ਰਿਦਨ ਸੰਤਨ ਗਾਇਆ ॥
ਭਗਤਿ ਵਛਲ ਦਾਸ ਹਿਤੁ ਭਜ ਹਰਨ ਗੋਬਿੰਦ ਰਾਇਆ ॥੨॥
ਜੋਧਿਸ੍ਠਰ ਜਬ ਜਗ ਕੀਨਾ ਗਰਬ ਉਪਜਜੋ ਰਾਜਨੇ ॥
ਗਿਲਾਨਿ ਕਰ ਨਰ ਸੁਪਚਿ ਨਜੋਤਜੋ ਨੀਚ ਜਾਨਜੋ ਸਾਜਨੇ ॥
ਨਿੰਦ ਕੀਨੀ ਭਗਤਿ ਜਨ ਕੀ ਮਨ ਉਪਰਾਜਜੋ ਗਰਬ ਹੇ ॥
ਨਹ ਜਗ ਪੂਰਨ ਭਜੋ ਰਾਜਨ ਬ੍ਰਿਥਾ ਭਜੋ ਤਬ ਸਰਬ ਹੇ ॥
ਕਰ ਜੋਰ ਸ੍ਰੀ ਬ੍ਰਿਜਰਾਜ ਢਿਗ ਦ੍ਰਿਗ ਹੇਰ ਬਿਨਤੀ ਕਰਤ ਹੇ ॥
ਕਵਨ ਅਵਗੁਨ ਬਨਜੋ ਹੇ ਪ੍ਰਭੁ ਨਹਿ ਜਗ ਪੂਰਨ ਰਹਤ ਹੇ ॥੩॥

Sri Satguru Jagjit Singh Ji eLibrary NamdhariElibrary@gmail.com

ਨਿਰਖ ਆਕੁਲਿ ਚਿਤ ਰਾਜਨ ਹਸੈ ਸ੍ਰੀ ਬ੍ਰਿਜਰਾਜ ਹੇ ॥
ਤੈਂ ਨਿੰਦ ਭਗਤਨ ਕਰਯੋ ਰਾਜਨ ਤਿਹ ਹੇਤੁ ਬ੍ਰਿਥਾ ਸਮਾਜ ਹੇ ॥
ਮਮ ਹਿਤੂ ਸ੍ਵਪਚਿ ਬਿਦਿਤਿ ਭਗਤਿਨ ਤਿਸੁ ਆਨ ਯਾ ਜਗ ਮਾਹਿ ਹੇ ॥
ਉਚਿਸ੍ਟ ਭੋਜਨ ਭਗਤਿ ਮਮ ਯਗ ਸਾਲ ਸਗਲ ਸਿੰਚਾਹਿ ਹੇ ॥
ਜੱਗ ਹੋਇ ਪੂਰਨ ਘੰਟ ਬਾਜੈ ਸੁਨਹੁ ਰਾਜਨ ਬੈਨ ਹੇ ॥
ਕਰ ਜੋਰ ਸ੍ਵਪਚਿ ਆਨਜੋ ਜਗ ਭੋਜਨ ਕਰਾਯੋ ਤੈਨ ਹੇ ॥

॥੪॥੧੧॥੨੪।੫੦੦॥੨੮੧੯॥

ਬਿਸਨੁਪਦ ਛੰਤ ਰਾਮਾ ਸਲੋਕ ॥ ਮਾਨ ਰਾਖਜੋ ਹਰਿ ਭਗਤਿ ਜਨ ਭਗਤਨ ਤਾਨ ਮੁਰਾਰਿ ॥
ਹਰਿ ਬਿਨੁ ਐਸੋ ਕੋ ਕਰੈ ਭਗਤਨ ਅੰਗ ਕਰਤਾਰ॥੧॥

ਛੰਤ ॥ ਸਾਜਨ ਸੁਹੇਲੇ ਦਾਸ ਹਰਿ ਕੇ ਹਰਿ ਬਿਨੁ ਜਜਤ ਨ ਆਨ ਹੇ ॥
ਹਰਿ ਰੰਗ ਰਾਤੇ ਸਹਿਜ ਮਾਤੇ ਭਗਤਿ ਜਨ ਹਰਿ ਤਾਨ ਹੇ ॥
ਸਖੀਆਂ ਸਹੇਲੀਆਂ ਸੰਗ ਪਿਰ ਕੇ ਮਿਲ ਕੰਤ ਧਨ ਸੀਗਾਰੀਆਂ ॥
ਸੇਜਾ ਸੁਹਾਵੀ ਸੰਗ ਪਿਰਕੇ ਰੈਨ ਦਿਨ ਸਾਧਾਰੀਆ ॥
ਗਲ ਬਾਹ ਸਾਜਨ ਧਨ ਸੁਹੇਲੀ ਮਿਲ ਨਾਹ ਧਨ ਉਮਾਵੜੀ ॥
ਧਨ ਕੰਤੁ ਭਾਵੈ ਸੁਖ ਵਿਹਾਵੈ ਸਫਲ ਸਾਹਾ ਸੁਭ ਘੜੀ ॥੧॥

ਸਲੋਕ ॥ ਸੰਤ ਸੁਹਾਗਨਿ ਸਭਿ ਦਿਵਸ ਕੰਤੁ ਵਸਹਿ ਮਨੁ ਮਾਹਿ ॥
ਝੂਰਿ ਮਰਨੁ ਦੋਹਾਗਨੀ ਜਿਨਾ ਵਿਸਾਰੀ ਨਾਹ ॥੨॥

ਛੰਤ ॥ ਝੂਰਿ ਮਰਨੁ ਦੋਹਾਗਨੀ ਜਿਨੀ ਕੰਤ ਨ ਧਜਾਇਆ ॥
ਜਗੁ ਜਾਪੁ ਨ ਸੀਲੁ ਸੰਜਮੁ ਅਹਿਲਾ ਜਨਮ ਗਵਾਇਆ ॥
ਤਨ ਅਸੁਰ ਪਾਵਤਿ ਕੋਟਿ ਜੁੱਗਨਿ ਹਰਿ ਬਿਮੁਖ ਨਿਸਦਿਨ ਤਾਪਹੀ ॥
ਅਪਕਰਮ ਜੇਤੇ ਕਰਤ ਤੇਤੇ ਲੇਤਿ ਸਬਹਨਿ ਸਰਾਪਹੀ ॥
ਜਨ ਭਾਰ ਬਸੁਧਾ ਸਹਿਤ ਅਸੁਰਨ ਹਰਿ ਢਿਗ ਪੁਕਾਰਤਿ ਜਾਇ ਕੈ ॥
ਮਹਿ ਭਾਰ ਮੇਟਨ ਹੇਤੁ ਸ੍ਰੀਪਤਿ ਅਵਤਾਰ ਧਾਰਤ ਆਇਕੈ ॥੨॥

ਸਲੋਕ ॥ ਬਹੁ ਜਨਮਨ ਕੇ ਪਾਪ ਲੈ ਜਨਮ ਅਸੁਰ ਕੁਲਿ ਹੋਤ ॥
ਬੀਰਜਨਾਦ ਤਨ ਆਸੁਰੀ ਪਾਵਤ ਭਜੋ ਵਪੁ ਛੋਤ ।੩॥

ਛੰਤ ॥ ਆਰਾਧਿ ਮਾਰਗ ਸੁਰ ਕ੍ਰਿਜਾ ਹਰਿ ਭਜਤ ਹਰਿਜਨ ਹਿਤ ਸਹਿਤ ॥
ਭਾਵ ਭਗਤਿ ਸੁਭਾਵਨੀ ਸਤਿ ਪਾਤ੍ਰ ਠਾਨਤਿ ਹਰਿ ਜਜਤ ॥

Sri Satguru Jagjit Singh Ji eLibrary NamdhariElibrary@gmail.com
Digitized by Punjab Digital Library | www.punjabdigilib.org

ਬਿਰੋਧ ਮਾਰਗ ਆਸੁਰੀ ਸਭਿ ਪ੍ਰਤਿ ਬਿਰੋਧਨ ਕਰਤਿ ਹੈ ॥
ਆਪਕੋ ਕਰਤਾਰ ਮਾਨਤਿ ਨਹਿ ਦ੍ਰਿਸ੍ਟ ਦੂਸਰੁ ਧਰਤਿ ਹੈ ॥
ਅੰਤੁ ਹਰਿ ਕਰ ਮੀਚ ਪਾਵਤ ਪੁਕਾਰ ਬਸੁਧਾ ਕਰਤ ਹੈ ॥
ਬਿਰੋਧ ਮਾਰਗ ਆਸੁਰੀ ਤਾਰਤ ਗੋਬਿੰਦ ਤੇ ਸਭਿ ਸਰਤ ਹੈ ॥੩॥

ਕਬਿਬਾਚ ਸਲੋਕ ॥ ਮੋ ਸੋਂ ਭਯੋ ਨਹ ਸੁਭ ਕਛੂ ਕਿਹ ਬਿਧ ਸਉਰੈ ਕਾਜ ॥
ਤੁਹਿ ਦੇਖਤ ਅਵਗੁਨ ਕਰਤੁ ਆਵਤ ਹੈ ਬਡ ਲਾਜ ॥੪॥

ਛੰਤ ॥ ਜੱਗ ਜਾਪੁ ਨ ਜਜਨ ਪੂਜਾ ਸੇਵ ਮੰਤ੍ਰ ਨਹਿ ਭਜਜੋ ॥
ਇਸਨਾਨ ਦਾਨ ਨ ਪੁੰਨ ਤਾਪ ਨ ਬੇਦ ਮਰਜਾਦਾ ਤਜਜੋ ॥
ਅਪਕਰਮ ਨਿਸਦਿਨ ਕਮਾਵਤਿ ਨਿੱਤ ਕਰਤ ਹਿੰਸਾ ਨਿੰਦ ਹੇ ॥
ਹਮ ਪਾਪਕਰਮਾ ਜੰਤੁ ਤੇਰੇ ਤੁਮ ਪਤਿਤ ਪਾਵਨ ਗੁਬਿੰਦ ਹੇ ॥
ਜਸ ਕਰੀ ਰਖਜਾ ਆਦਿ ਤੇ ਜਨ ਉਪਕਰੈ ਕਰ ਛੋਹ ਜੂ ॥
ਦਾਸ ਗੋਬਿੰਦ ਫਤਹ ਸਤਿਗੁਰੂ ਕੀ ਰਖ ਲੇਹੁ ਹੇ ਸਰਬਲੋਹ ਜੂ
॥੪॥੧੨॥੨੫॥੫੦੧॥੨੯੨੦॥ਬਰਹੀ ॥੧॥

ਬਿਸਨੁਪਦ ਰਾਗੁ ਸਿੰਧਵੀ ਸੋਲਹੇ ਬਿਦਮਾਂ ਛੰਦ ਕੋ ਜਤਿ ॥ ਕਬਿ ਬਾਚ ॥

ਅਸ ਸਮਝ ਮਨਹਿ ਬਿਚਾਰ ਕੈ ॥ ਕਮਾਨ ਹਾਥਿ ਸੰਭਾਰ ਕੈ ॥
ਤਨ ਮਨ ਸਮਰਪਜੋ ਹਰਿ ਬਿਖੇ ॥ ਚਰਨਾਰ ਬਿੰਦ ਮਨਾਯ ਕੈ ॥੧॥
ਬਾਰ ਬਾਰ ਮਨਾਵਹੀ ॥ ਪ੍ਰਭੁ ਚਰਨ ਰਿਦੈ ਬਸਾਵਹੀ ॥
ਬਹੁ ਬਾਰ ਬਾਰ ਜੁਹਾਰ ਹੀ ॥ ਪ੍ਰਭ ਧਜਾਨ ਮਨਹਿ ਬਸਾਜ ਕੈ ॥੨॥
ਬਿਸ੍ਵਰੂਪ੪ ਭਗਵਤ ਰਿਦੈ ਧਰਿ ॥ ਪ੍ਰਨਾਮ ਬਾਰੰਬਾਰ ਕਰ ॥
ਮਨ ਅਚਲ ਮੂਰਤਿ ਧਜਾਨ ਧਰਿ ॥ ਚਿਤ ਚੌਪ ਹਰਖ ਬਢਾਜ ਕੈ ॥੩॥
ਧੰਨਜ ਭਾਗ ਆਪੁਨ ਜਾਨ ਹੀ ॥ ਕ੍ਰਿਤਾਰਥਿ ਕੈ ਨਿਜ ਮਾਨਹੀ ॥
ਪ੍ਰਭੁ ਸਮਰ ਸਨਮੁਖ ਆਵਹੀ ॥ ਹਰਿ ਵੋਰ ਦ੍ਰਿਗਨ ਲਗਾਜ ਕੈ ॥੪॥
ਮਨ ਹਰਖ ਚਾਵ ਬਢਾਵਹੀ ॥ ਹਰਖਾਇ ਹਵ ਸਮੁਹਾਵਹੀ ॥
ਪਗ ਠੁਮਕ ਠੁਮ ਠੁਮ ਚਾਲਹੀ ॥ ਹਰਿ ਓਰ ਚਿਤ ਲਗਾਯ ਕੈ ॥੫॥
ਕਟਿ ਰਵਤਿ ਘੁੰਘਰੁ ਝੀਨਿ ਸੁਰ ॥ ਪਗ ਨਾਦ ਨੇਵਰ ਸਦ ਪੁਰ ॥
ਕਰ ਚਰਮ ਮਾਨਹੁ ਝਾਂਝਰੀ ॥ ਗੁਨ ਗਾਨ ਕੀਰਤਨਿ ਗਾਯ ਕੈ ॥੬॥

Sri Satguru Jagjit Singh Ji eLibrary NamdhariElibrary@gmail.com

ਹਰਿ ਸਮਰ ਸੰਗਮ ਨਾਵਨੋ ॥ ਭਟ ਚਲਜੋ ਆਪ ਜੁਝਾਵਨੋ ॥
ਭਵ ਸਮਰ ਛੇਤ੍ਰ ਜਾਨ ਜੀਅ ॥ ਭਲ ਦਾਵ ਅਉਸਰ ਪਾਯ ਕੈ ॥੭॥
ਕਰ ਸਮਰ ਤੀਰਥਿ ਜਾਤ੍ਰਾ ॥ ਮਨ ਜਪਤਿ ਹਰਿ ਹਰਿ ਮਾਤ੍ਰਾ ॥
ਸੰਕਲਪ ਤਨੁ ਮਨੁ ਵਾਰ ਕਰ ॥ ਸਮੁਹਾਜੋ ਚਿਤ ਉਮਗਾਯ ਕੈ ॥੮॥
ਚਿਤ ਲੀਨ ਭਉ ਚਰਨਾਰਬਿੰਦ ॥ ਜਲ ਜਲ ਖਟਾਨਜੋ ਕ੍ਰਿਪਾ ਸਿੰਧੁ ॥
ਮਿਲਾਪ ਸਾਗਰ ਬੂੰਦ ਕੈ ॥ ਤੁਮ ਸੁਨਹੁ ਮਨ ਚਿਤ ਲਾਯ ਕੈ ॥੯॥
ਤੁਮ ਸੁਨਹੁ ਸੰਤ ਸੁਜਾਨ ਹੇ ॥ ਯਹਿ ਚਰਿਤ੍ਰ ਸਾਰੰਗਪਾਨਿ ਕੇ ॥
ਚੈਤੰਨ ਸਾਗਰ ਤੇ ਜੁਦਾ ॥ ਥੋ ਬੂੰਦ ਨਿਸਚਰਰਾਯ ਕੈ ॥੧੦॥
ਅਬ ਮਿਲਤ ਸਾਗਰ ਰੂਪ ਮੈ ॥ ਨਿਜਰੂਪ ਰੂਪ ਅਰੂਪ ਮੈ ॥
ਜਹ ਮਨ ਬਾਨੀ ਕੀ ਗਮ ਨਹ ॥ ਬ੍ਰਹਮ ਬ੍ਰਹਮ ਗਜੋ ਸਮਾਯ ਕੈ ॥੧੧॥
ਵਪੁ ਮਾਤ੍ਰ ਦ੍ਰਿਸ੍ਰਿਤ ਪਰਤਿ ਕਰ ॥ ਚਿਤ ਵਾਸਨਾ ਗਈ ਸਕਲ ਜਰ ॥
ਜਿਮ ਦਗਧ ਅੰਬਰ ਕੋ ਚਿਹਨ ॥ ਦ੍ਰਿਸ੍ਰਿ ਮਾਤ੍ਰ ਦੀਪਤ ਕਾਯ ਕੈ ॥੧੨॥
ਕਛੁ ਸਰਤ ਤਾ ਸੋਂ ਕਾਜ ਨਹਿ ॥ ਤਸ ਭਜੋ ਵਪੁ ਦਨੁਰਾਜਨਹਿ ॥
ਬਿਲਾਇ ਮਨ ਸਚ ਸਿੰਧੁ ਗਜੋ ॥ ਤਰੰਗ ਭਾਵ ਮਿਟਾਯ ਕੈ ॥੧੩॥
ਅਸ ਭਜੋ ਹਰਿ ਮਹਿ ਲੀਨ ਜਬੁ ॥ ਤਨ ਮਨ ਗਲਤ ਭਜੋ ਫੁਰਨ ਸਭੁ ॥
ਵਪੁ ਮਾਤ੍ਰ ਦੇਖਤਿ ਬੀਰਜਨਾਦ ਕੋ ॥ ਵਤ ਚਿਤ੍ਰ ਮੂਰਤਿ ਭਾਯ ਕੈ ॥੧੪॥
ਤਹਾਂ ਖੁਦੀ ਗਈ ਬਿਲਾਇ ਕੈ ॥ ਖੁਦ ਭਜੋ ਖੁਦੀ ਮਿਟਾਇ ਕੈ ॥
ਸਭ ਬਿਧਿ ਅਪੁਨਪਾ ਖੋਇ ਕੈ ॥ ਕਛੁ ਰਾਖਜੋ ਨਾਹਿ ਛਪਾਯ ਕੈ ॥੧੫॥
ਅਸ ਭਜੋ ਹਰਿ ਮਹਿ ਲੀਨ ਜਬ॥ਚਿਤ ਫੁਰਜੋ ਹਰਿ ਗੁਨ ਗਾ ਨ ਕਬ ॥
ਬਿਨ ਭਜਨ ਪ੍ਰਾਪਤਿ ਹੋਤ ਨਹਿ ॥ ਗੁਨ ਉਠਜੋ ਹਰਿ ਕੋ ਗਾਯ ਕੈ ॥੧੬॥੧॥੫੦੨॥੨੮੨੧॥

ਬਿਸਨੁਪਦ ਸਿੰਧਵੀ ਤਰਹ ਦੂਜੀ ॥

ਬੀਰਜਨਾਦ ਬਾਚ ਪਰਾਰਥਨਾ ਸ੍ਰੀ ਸਰਬਲੋਹ ਜੂ ਪ੍ਰਤਿ ਸੋਲਹਾ ॥

ਕੀਨੋ ਆਜ ਸਨਾਥ ਨਾਥ ਮੁਹਿ ਦਰਸ ਦਿਖਾਇ ॥
ਦੀਨੋ ਦਰਸ ਮੁਰਾਰਿ ਤਾਪਨ ਸਗਲ ਮਿਟਾਇ ॥੧॥
ਭਜੋ ਆਜ ਸਨਾਥ ਨਾਥ ਜਬ ਦਰਸਨ ਪਾਇ ॥
ਆਜ ਹਮਾਰੇ ਧੰਨ ਭਾਗ ਹਰਿ ਸਨਮੁਖ ਆਇ ॥੧॥ਰਹਾਉ॥

Sri Satguru Jagjit Singh Ji eLibrary NamdhariElibrary@gmail.com

ਜਿਹ ਸੁਖ ਕੋ ਮਹਾਦੇਵ ਬ੍ਰਹਮ ਨਾਰਦ ਰਿਖਿ ਲੋਚਹਿ ॥
ਸੋ ਸੁਖ ਆਜ ਭਗਵੰਤ ਕ੍ਰਿਪਾ ਕਰਿ ਮੋਹਿ ਦਿਵਾਇ ॥੨॥
ਜਿਹ ਸੁਖ ਕੋ ਸੁਰਰਾਜ ਸਮਾਜ ਜੁਤ ਨਿਤ ਉਠ ਚਾਹਹਿ ॥
ਸੋ ਸੁਖ ਆਜ ਸਮਾਜ ਦਯਾਨਿਧਿ ਤੇ ਹਉਂ ਪਾਇ ॥੩॥
ਜਾਂ ਸੁਖ ਕੋ ਫਨਿਰਾਜ ਸਿਧਿ ਚਾਰਨ ਮੁਨਿ ਚਾਹਤਿ ॥
ਸੋ ਸੁਖ ਆਜ ਜਿਨ ਰਾਜ ਦਾਸ ਹਿਤੁ ਰੂਪ ਧਰਿ ਆਇ ॥੪॥
ਜਾਂ ਸੁਖ ਕੋ ਸਭਿ ਲੋਚਹਿ ਤਪੁ ਸਾਧਤ ਹਹਿ ਸਿਧ ॥
ਸਾ ਸੁਖ ਸਕਲ ਪ੍ਰਤਖ ਆਜ ਹਮ ਦੇਖਨ ਆਇ ॥੫॥
ਜਾਂ ਸੁਖ ਕੋ ਸੁਰ ਬ੍ਰਿੰਦ ਚਕ੍ਰਵਰਤੀ ਨਿਤ ਲੋੜਹਿ ॥
ਸੋ ਸੁਖ ਆਜ ਪ੍ਰਚੰਡ ਜਨਿੰਦ੍ਰ ਹਮ ਦੇਖਨ ਪਾਇ ॥੬॥
ਜਾਂ ਪਦ ਕੋ ਕਰ ਧਜਾਨ ਤਪ ਸਾਧੰਤਿ ਤਪਸ੍ਵੀ ॥
ਸੋ ਜਨਿੰਦ੍ਰ ਹਮ ਆਜ ਪਰਤਖ ਰਨ ਮਾਹਿ ਹਕਾਇ ॥੭॥
ਜਾ ਕਹ ਸਾਰਦ ਸੇਖ ਕਮਲਾ ਨਿਤ ਸੇਵਤਿ ॥
ਤਾਂ ਸੰਗ ਕੀਨੋ ਜੁੱਧ, ਪਰਸਪਰ ਬਾਤ ਸੁਨਾਇ ॥੮॥
ਜਾਂ ਕਹ ਜੋਗੀ ਸੇਵ ਜੋਗ ਅਸ੍ਟਾਂਗ ਕਰਾਹੀ ॥
ਤਾਂ ਸੋ ਕਰਿ ਢਿਠਾਈ ਬਾਤ ਅਨੁਚਿਤ ਕਰਾਇ ॥੯॥
ਜਾਂ ਕਹੁ ਸੇਵਤ ਚਰ ਅਚਰ ਸਭ ਜਜਤ ਭਜਤ ਹੈ ॥
ਸੋ ਭਗਵਾਨ ਪਰਤੱਛ ਸਸਤ੍ਰ ਅਰੁ ਅਸਤ੍ਰ ਚਲਾਇ ॥੧੦॥
ਬੀਤਿ ਗਏ ਜੁਗ ਕੋਟਿ ਕਿਨਹੁ ਨਹਿ ਦੇਖਨਿ ਪਾਇ ॥
ਸੋ ਬੈਰਾਟ ਬਿਸ੍ਵ ਰੂਪ ਦ੍ਰਿਗਨ ਕੇ ਗੋਚਰ ਆਇ ॥੧੧॥
ਨੇਤਿ ਨੇਤਿ ਸ੍ਰੁਤਿ ਕਹਿਤ ਸਾਸਤ੍ਰ ਸਿਮ੍ਰਿਤ ਪ੍ਰਮਾਨਤ ॥
ਸੋ ਦਯਾਲ ਕਹੁ ਆਜ ਸਮਰ ਹਿਤੁ ਬਹੁਰ ਹਕਾਇ ॥੧੨॥
ਦਰਸਜੋ ਨਾਹਨ ਬ੍ਰਹਮ ਜਿਨ ਨਾਭਿ ਲੀਜੋ ਭਵ ॥
ਸੋ ਪਦ ਕੰਜ ਹਮ ਆਜ ਨੇਤ੍ਰ ਸਨਮੁਖ ਦਰਸਾਇ ॥੧੩॥
ਮਹਾ ਪ੍ਰਲਯ ਕੋ ਰੂਪ ਆਜ ਹਮ ਦੇਖਜੋ ਸਉਤਕ ॥
ਤ੍ਰਿਧਾ ਰੂਪ ਜਗਦੀਸ ਨਾਮ ਸ੍ਰਬਲੋਹ ਕਹਾਇ ॥੧੪॥

Sri Satguru Jagjit Singh Ji eLibrary NamdhariElibrary@gmail.com

ਜਹਾ ਨ ਤ੍ਰਿਗੁਨ ਉਪਾਧਿ ਆਪ ਸ ਆਪ ਸੁਹਾਜ ॥
ਸੋ ਬੈਰਾਟ ਬਿਸ੍ਵ ਰੂਪ ਜਗਤਿ ਪ੍ਰਲਜ ਬਨਿ ਆਇ ॥੧੫॥
ਦੇਖਯਤਿ ਬਿਸ੍ਵ ਬਿਭੂਤਿ ਜਨਿੰਦ੍ ਤਨ ਕਾਲ ਸਮਾਵਤ ॥
ਮਹਾਕਾਲ ਹੂੰ ਕਾਲ ਨਾਥ ਸਰਨਾਗਤਿ ਆਇ ॥੧੬॥੨॥੫੦੩॥੨੮੨੨॥
॥ ਇਤਿ ਸ੍ਰੀ ਬੀਰਜਨਾਦ ਪਰਾਰਥਨਾ ਭਗਵਤ ਗੀਤ ਸੁਭੰ ॥

ਬਿਸਨੁਪਦ ਸਿੰਧਵੀ ਤਰਹ ਦੂਜੀ ॥

ਕੈ ਧਨੁਸ ਟੰਕੋਰਾ ॥ ਗਰਜ ਕਠੋਰਾ ॥ ਕਛਿ ਕਛ ਕਾਛੇ ॥ ਸੋਭਿਤ ਆਛੇ ॥੧॥
ਕਿੰਕਨਿ ਕਟਿ ਬਾਜੈ ॥ ਤਨ ਦੁਤਿ ਰਾਜੈ ॥ ਭੁਜ ਠੰਕਤ ਤਾਲੰ ॥ ਜੁੱਧ ਉੱਤਾਲੰ ॥੨॥
ਕੈਬਰ ਸੰਧਾਨਜੋ ॥ ਹਰਿ ਦਿਸ ਤਾਨਜੋ ॥ ਰਿਸ ਕਰ ਗਰਜ ਜੋ ॥ ਕਿਨੂੰ ਨ ਬਰਜਜੋ॥੩॥
ਹਠ ਰਣ ਕੀਨਾ ॥ ਜੁੱਧ ਪ੍ਰਬੀਨਾ ॥ ਪਟਾ ਭ੍ਰਮਾਵਤ ॥ ਸਾਂਗ ਨਚਾਵਤ ॥੪॥
ਫਰੀ ਕੁਠਾਰਾ ॥ ਧੋਪ ਕਟਾਰਾ ॥ ਸਹਿਥੀ ਜਮਦਾਰਾ ॥ ਕ੍ਰਿਪਾਨ ਸੁਧਾਰਾ ॥੫॥
ਜੰਬੂਆ ਗੁਲੇਲਾ ॥ ਸੈਫ ਨੁਕੇਲਾ ॥ ਗੁਫਨ ਗੁਰਜ ਪਟਾ ॥ ਗੁਰਹ ਬਨਟਾ ॥੬॥
ਸੂਆ ਕਰੈਲੀ ॥ ਬੱਜ੍ ਬਿਛੈਲੀ ॥ ਪਿਸ਼ੁਲ ਹਥਨਾਲੈ ॥ ਤੁਪਕ ਜੰਜਾਲੈ ॥੭॥
ਬੰਦੂਕ ਧਮਾਕਾ ॥ ਤ੍ਰਿਸੂਲਨ ਮਾਠਾ ॥ ਚਕਤੀ ਅਸਿ ਢਾਰਾ ॥ ਕਰਦ ਕੁਠਾਰਾ ॥੮॥
ਪੰਛਿ ਪਰੀਲੀ ॥ ॥ ਸਾਂਗ ਸੈਕੀਲੀ ॥ ਛਿਪਰ ਸਕੇਲਾ ॥ ਛੈਹੀ ਸੇਲਾ ॥੯॥
ਖ਼ੰਜਰ ਜਮਦਾਰਾ ॥ ਤੇਗ ਦੁਧਾਰਾ ॥ ਪਰਸ ਖਤੰਗੀ ॥ ਨਾਵਕ ਚੰਗੀ ॥੧੦॥
ਨਾਚੁਖ ਬਨੈਟੀ ॥ ਸੂਆ ਸਫੈਟੀ ॥ ਕ੍ਰਿਪਾਨ ਭਗਉਤੀ ॥ ਸੁਭਗ ਸੁਹਉਤੀ ॥੧੧॥
ਕੁਵੰਡ ਕੁਠਾਰਾ ॥ ਧਨੁਖ ਨਹਾਰਾ ॥ ਪਨਚ ਸੁਰੰਗੀ ਛਕੇ ਫਿਰੰਗੀ ॥੧੨॥
ਲੈਸ ਨਵੀਨੀ ॥ ਤੂਨਨ ਚੀਨੀ ॥ ਖਪਰਾ ਪਰਜਾਲੀ ॥ ਪਰੀ ਪਛਾਲੀ ॥੧੩॥
ਚਕ੍ਰ ਤ੍ਰਿਸੂਲ ॥ ਅਤਭੁਤਿ ਛੂਲਾ ਤੀਛਨ ਤਰਵਾਰਾ ॥ ਤਿਰਛ ਗਜਾਰਾ ॥੧੪॥
ਤਰਕਸ ਮਾਜਿੰਦ੍ਰੀ ॥ ਕਮਾਨ ਕਾਲਿੰਜ੍ਰੀ ॥ਪਰਸਾ ਚੀਨੀ ॥ਖ਼ੰਜਰ ਡੀਨੀ ॥੧੫॥
ਆਯੁਧ ਬਹੁ ਭਾਤਾ ॥ ਸਸਤ੍ਰ ਬਿਖਜਾਤਾ ॥ ਸਜੇ ਸੁ ਬਾਹੂ ॥ ਨਿਸਚਰ ਨਾਹੂ ॥੧੬॥
॥ ੩॥੫੦੪॥੨੮੨੩॥

ਬਿਸਨੁਪਦ ਸਿੰਧਵੀ ਸੋਲਹੇ ਤਰਜ਼ ਸਾਨੀ ॥

ਦਨੁਰਾਜ ਰਾਜ ॥ ਸਜ ਜੁੱਧ ਸਾਜ ॥ ਬਖਤਰ ਸਨਾਹ ॥ ਪਹਿਰੇ ਦੁਬਾਹ ॥੧॥
ਮੁੱਛੈ ਫੜਕਾਇ॥ ਗਜਜੋ ਰਿਸਾਇ ॥ ਉਛਕ ਜੋ ਉਤੰਗ ॥ ਹਰਿ ਸਮੁਰ ਜੰਗ ॥੨॥
ਤਨ ਦੀਹ-ਘੋਰ ॥ ਨਿਸਚਰ ਕਿਠੋਰ ॥ ਸਾਵੰਤ ਸੂਰ ॥ ਲੋਚਨ ਕ੍ਰੂਰ ॥੩॥

Sri Satguru Jagjit Singh Ji eLibrary NamdhariElibrary@gmail.com
Digitized by Punjab Digital Library | www.punjabdigilib.org

ਤਨ ਘੋਰ ਸਜਾਮ ॥ ਨਿਸਚਰ ਭਿਰਾਮ ॥ ਬਾਹੈਂ ਬਿਸਾਲ ॥ ਦਾੜੈ ਕਰਾਲ ॥੪॥
ਲੋਚਨ ਕਰਾਲ ॥ ਮੁਖ ਤਜਤਿ ਜ੍ਵਾਲ ॥ ਦੀਰਘ ਉਤੰਗ ॥ ਨਿਸਚਰ ਮਲੰਗ ॥੫॥
ਸ਼ੇਰੇ ਹਜ਼ਬਰ ॥ ਗੁਰਗੋ ਬਬਰ ॥ ਦਾਨੂ ਪਲੰਗ ॥ ਦੇਵੇ ਨਿਹੰਗ ॥੬॥
ਗਿਰ ਹੇਮ ਕਾਇ ॥ ਕੈਲਾਸ ਮਾਇ ॥ ਊਚੋ ਬਿਸਾਲ ॥ ਦ੍ਰੁਮ ਦੀਹ ਤਾਲ ॥੭॥
ਪਾਵਕ ਸਮਾਨੁ ॥ ਬਿਬਿ ਕਾਲ ਜਾਨੁ ॥ ਅਤਿ ਪੁਸ੍ਰ ਦੈਤ ॥ ਸੰਗ੍ਰਾਮ ਜੈਤ ॥੮॥
ਨਖ ਸਿਖ ਬਿਸਾਲ ॥ ਗਿਰ ਕਾਯ ਮਾਲ ॥ ਕੁਸ਼ਤੀ ਪਰਬੀਨ ॥ ਤਨ ਮਨ ਸੁਖੀਨ ॥੯॥
ਅੰਗ ਅੰਗ ਸੋਭ ॥ ਲਖ ਹੂਰ ਲੋਭ ॥ ਸਸਤ੍ਰਨ ਪ੍ਰਬੀਨ ॥ ਸਭਿ ਇਲਮ ਬੀਨ ॥੧੦॥
ਬਲਵੰਤ ਦੂਤ ॥ ਨਿਸਚਰ ਬਲੂਤ ॥ ਭੁਜਬਲ ਕਠੋਰ ॥ ਪਰਾਕ੍ਰਮ ਜੋਰ ॥੧੧॥
ਬਿਕ੍ਰਮ ਉਦਾਰ ॥ ਮਾਰਤ ਪ੍ਰਚਾਰ ॥ ਸੂਰਾ ਪ੍ਰਚੰਡ ॥ ਭਟ ਸਮਰ ਮੰਡ ॥੧੨॥
ਬੀਰਜਨਾਦ ਭੂਪ ॥ ਜੋਧਾ ਅਨੂਪ ॥ ਮ੍ਰਿਗਰਾਜ ਸਮ ॥ ਕਿਛੁ ਨਾਹਿ ਗਮ ॥੧੩॥
ਅੰਗ ਅੰਗ ਛਬਿ ॥ ਸੂਰਤਿ ਅਜਬਿ ॥ ਕ਼ਲਗੀ ਕੁਲਾਹ ॥ ਬਖਤਰ ਸਨਾਹ ॥੧੪॥
ਖਿਫਤਾਨ ਜ਼ਿਰਹ ॥ ਚਿਲਤਹ ਮਤ੍ਰਹ ॥ ਪੈਰਾਹਨ ਲੋਹ ॥ ਭਟ ਛਕੇ ਛੋਹ ॥੧੫॥
ਬਨ ਠਨ ਰਨਧੀਰ ॥ ਭਗਵੰਤ ਤੀਰ ॥ ਬਗੜਾਇ ਬਾਨ ॥ ਜੁੱਟ ਜੋ ਨਿਦਾਨ ॥੧੬॥

॥ ੪॥੫੦੫॥੨੮੨੪॥

ਬਿਸਨੁਪਦ ਸਿੰਧਵੀ ॥ ਸਾਰੰਗ ਤਾਨ ॥ ਕੈਬਰ ਸੰਧਾਨ ॥ ਛਾਡਜੋ ਪ੍ਰਚਾਰ ॥ ਬਾਨਨ ਪ੍ਰਹਾਰ॥੧॥
ਬਰਖੰਤ ਬਾਨ ॥ ਨਾਚੁਖ਼ ਕਮਾਨ ॥ ਬੂੰਦਨ ਪ੍ਰਾਯ ॥ ਸਾਯਕ ਰਿਸਾਯ ॥੨॥
ਝਰ ਲਾਇ ਬਾਨ ॥ ਬਰਖਤ ਅਪ੍ਰਮਾਨ ॥ ਗੋਲਾ ਬੰਦੂਕ ॥ ਉੱਠਤ ਭਭੂਕ ॥੩॥
ਛੂਟਤਿ ਜੰਜਾਲ ॥ ਭਭਕਤਿ ਜ੍ਵਾਲ ॥ ਅੰਗਾਰ ਲੂਕ ॥ ਗੋਲੀ ਬੰਦੂਕ ॥੪॥
ਬੱਜ੍ਰ ਕਠੋਰ ॥ ਬਰਖਤ ਕਰੋਰ ॥ ਤੜਿਤਾ ਪ੍ਰਾਯ ॥ ਗਰਜਤਿ ਝੁਝਾਯ ॥੫॥
ਹਰਬੈ ਹਜ਼ਾਰ ॥ ਬਰਖਤਿ ਤੁਸਾਰ ॥ ਤੀਰੈਂ ਤੁਫੰਗ ॥ ਵਹਰਤ ਨਿਸੰਗ ॥੬॥
ਸਹਿਥੀ ਕਟਾਰ ॥ ਗੁਰਜੈਂ ਅਪਾਰ ॥ ਸਾਯਕ ਛਟੰਤ ॥ ਅਹਿਨਿਸ ਉਡੰਤ ॥੭॥
ਸੈਫੋ ਸਿਪਰ ॥ ਬਲੱਮ ਤਬਰ ॥ ਗੁਰਹਾ ਕਮੰਦ ॥ ਫੈਂਕਤ ਬਿਲੰਦ ॥੮॥
ਪਾਸੀ ਕਰਾਲ ॥ ਪੂਰਾ ਪਰਾਲ ॥ ਪਿਸਟਲ ਹਲਾਕ ॥ ਤੁਪਕ ਦਮਾਕ ॥੯॥
ਪਟਾ ਫੇਕੰਤ ॥ ਬਿਛੂਆ ਖੇਡੰਤ ॥ ਸੇਲਾ ਤੁਫੰਗ ॥ ਨਾਵਕ ਖ਼ਦੰਗ ॥੧੦॥
ਬਰਖਤ ਅੰਗਾਰ ॥ ਧਾਰਾ ਅਪਾਰ ॥ ਬਰਖੰਤ ਤੀਰ ॥ ਸਹਿਥੀ ਪਟੀਰ ॥੧੧॥
ਬੁਰ.ਦਾ ਕਰਾਲ ॥ ਖਪਰਾ ਬਿਸਾਲ ॥ ਪੂਰਾਂ ਉਕਾਬ ॥ ਬਹਿਰੀ ਸ਼ਿਤਾਬ ॥੧੨॥
ਸ਼ਹਬਾਜ਼ ਬਾਜ਼ ॥ ਨਾਚੁਖ ਪਰਵਾਜ਼ ॥ ਬਹੁ ਭਾਂਤਿ ਸਸਤ੍ਰ ॥ ਪਰਵਾਜ਼ ਅਸਤ੍ਰ ॥੧੩॥

Sri Satguru Jagjit Singh Ji eLibrary NamdhariElibrary@gmail.com

दिस बिदिस छाइ ॥ प्रलज सुहाइ ॥ धारा अनूप ॥ बरसात भूप ॥१४॥
तन तन कमान ॥ बहु भांति बान ॥ मारत निसंग ॥ हरि दिस खतंग ॥१५॥
तैनी अपार ॥ फेंकत जुझार ॥ कैटैं उसार ॥ बानावलि धार ॥१६॥
॥५॥५०६॥२८२५॥

बिसनुपद सिंधवी तरज़ सानी सोलहे ॥

बहु पूकार जुध निसचर कीना ॥ भांति भांति ससत्रून ब्रिन दीना ॥
स्री जनिंदू वपु पुसप समाना ॥ परसत चरनाजुध भगवाना ॥१॥
परस परस पग असत्रून जेते ॥ पुसपन कंज कली भए तेते ॥
निरख निरख दानव मुसकाही ॥ पुन पुन ससत्र असत्र वरसाही ॥२॥
जे जे ससत्र असुर पूहारत ॥ ते ते पुसप कली तन धारत ॥
गुंजह भ्रमर धुनि करत रसाला ॥ मानहु गान करति सुर बाला ॥३॥
रिस रिस ससत्र असत्र पुन डारत ॥ महाराज तन आजुध धारत ॥
सुमन धार हूै ससत्र बरस ही ॥ तिम तिम निसचर मनहि हरख ही ॥४॥
बहुत काल इम करत तमासा ॥ खेडत स्री सरबलोह महासा ॥
चिरंकाल लौं मचा अखारा ॥ खेडत दुहूं दिसन बरजारा ॥५॥
नाल बंदूक़ नवलासनि डारत ॥ गोला गोंद दुहूं दिस मारत ॥
हड़हड़ाइ क्रिपानिधि बिहसत ॥ पुन पुन निसचर रीझत उलसत ॥६॥
पुलक पुलक दानव रन मंडित ॥ पुन पुन ससत्र असत्र बहु छंडित ॥
तड़प तड़प दै दै भुज तालं ॥ उछर उछर दनुराज उतालं ॥७॥
ठोक ठोक भुज दै दै ताला ॥ तुपक तेग सहिथी भुंजाला ॥
दाव घाव बहु भांतिन करहीं ॥ महाकाल सौं नैक न डर हीं ॥८॥
गरज गरज गरजति भीहाला ॥ नाद निसुंन घोर सम कालां ॥
गरज गरज तरज़त रन मंडल ॥ कूदि कूदि भट धीर स मंगल ॥९॥
कूद कूद हिय हरख उछाहू ॥ दउर दउर समुहित दनुनाहू ॥
ललक ललक ललकारत भगवत ॥ लपक लपक समुहति हिव बिधवत॥१०॥
कस कस ससत्र असत्र पूहारत ॥ स्री जनिंदू पर आजुध डारत ॥
फांध फांध दानव मल भाइन ॥ हांक हांक घावत बहु घाइन ॥११॥

Sri Satguru Jagjit Singh Ji eLibrary NamdhariElibrary@gmail.com

ਧੁਕ ਧੁਕ ਉਠਤ ਕਬੰਧ ਅਜੋਧਨ ॥ ਭੂਤ ਭੜੰਗ ਬੈਤਾਲਨ ਕ਼ੀਖਨ ॥
ਪ੍ਰਲਜ ਕਾਲ ਕੇ ਭੂਤ ਮਸਾਨਾ ॥ ਅਕਸਮਾਤ੍ ਗਰਜਤ ਧੁਨਿ ਨਾਨਾ ॥੧੨॥
ਦੀਖ ਨ ਪਰਤ ਦੇਸ ਅਰੁ ਕਾਲਾ ॥ ਸ੍ਰੀ ਜਨਿੰਦ੍ ਕੋ ਚੋਜ ਰਸਾਲਾ ॥
ਜਲਾਕਾਰ ਮਹਿ ਜੁੱਧ ਠਠਾਹੀ ॥ ਜੁਗ ਬੀਰਨ ਬਿਨੁ ਤ੍ਰਿਤੀਯੇ ਨਾਹੀ ॥੧੩॥
ਜਸ ਠਾਕੁਰ ਤਸ ਸੇਵਕ ਬਨਜੋ ॥ ਠਾਕੁਰ ਸੇਵਕ ਜਾਤ ਨ ਗਨਜੋ ॥
ਸਮਰ ਪ੍ਰਲਜ ਕੋ ਰਚਜੋ ਬਿਧਾਤਾ ॥ ਬੀਰਜਨਾਦ ਸੰਗ ਜੁਧ ਠਠਾਤਾ ॥੧੪॥
ਸੁਰ ਨਰ ਜੱਛ ਮਾਨਵ ਬਹੁ ਜੂਝੇ ॥ ਬੀਰਜਨਾਦ ਜੁਧ ਸਭਿ ਦਲ ਰੂਝੇ ॥
ਸਕ੍ਰ ਆਦਿ ਪ੍ਰਧਾਨ ਸੁਰ ਬ੍ਰਿੰਦਾ ॥ ਦੇਵੀ ਦੇਵ ਕਾਲ ਰਵਿ ਚੰਦਾ ॥੧੫॥
ਕਿਨਹੁੰ ਨ ਤਾ ਕਹ ਰਨਕਰ ਸਾਧਾ ॥ ਹਾਰ ਪਰੇ ਸੁਰ ਸਕਲ ਬਿਰਾਧਾ ॥
ਪ੍ਰਲਜ ਜੁੱਧ ਖੇਤ ਤੇ ਚਪੇ ॥ ਸ੍ਰੀ ਸਰਬਲੋਹ ਕੇ ਬਪੁ ਮਹਿ ਛਪੇ ॥੧੬॥੬॥੫੦੭॥੨੮੨੬॥

ਬਿਸਨੁਪਦ ਸਿੰਧਵੀ ਤਰਹ ਦੂਜੀ ਸੋਲਹੇ ॥

ਗਜੇ ਨਰਿੰਦ੍ ਰਿਸਾਇ ਕੈ ॥ ਗੁਨ ਬਾਨ ਪਨਚ ਚਢਾਇ ਕੈ ॥
ਧੁਨਿ ਰਹਜੋ ਪੂਰ ਸਮਾਇ ਕੈ ॥ਚਕ ਰਹ ਜੋ ਅਸੁਰ ਲਜਾਇ ਕੈ ॥੧॥
ਧਰਹਰਜੋ ਕੰਪ ਰੁਮਾਵਲੀ ॥ ਜਕ ਲਗਜੂ ਨਿਸਚਰ ਰਾਵਲੀ ॥
ਹਿਜ-ਫਟਜੋ ਧੁਨਿ ਸੁਨ ਦਹਿਲਜੋ ॥ ਠਗ ਲਗੀ ਪਗ ਨਹ ਹਹਲਜੋ ॥੨॥
ਟਕਟਕਿ ਲਗੀ ਤਹ ਆਇ ਕੈ ॥ ਥਕ ਭਜੋ ਜਿਯ ਭਉ ਖਾਇ ਕੈ ॥
ਸੁਧਿ ਭੂਲ ਗਈ ਭਜ ਪਾਇ ਕੈ ॥ ਬੁਧਿ ਬਿਸਰ ਗਈ ਤਵ ਰਾਇ ਕੈ ॥੩॥
ਤਕ ਭਾਲ ਸਾਯਕ ਮਾਰਜੋ ॥ ਕੈ ਬ੍ਰਿੰਨਿ ਨਿਸਾਚਰ ਡਾਰਜੋ ।
ਧਨ ਗੁਰਹ ਗੋਫਨ ਘਾਜੋ ॥ ਦਨ੍ਰਾਜ ਰਨ ਮੁਰਛਾਯੋ ॥੪॥
ਗਿਰ ਚਾਪ ਧਰਨੀ ਮਹਿ ਪਰਜੋ ॥ ਹਹੰਕਾਰ ਨਿਸਚਰ ਉਚਰਜੋ ॥
ਬਿਬ ਚਾਪ ਪਨਚ ਚੜਾਇ ਕੈ ॥ ਕਰ ਧੀਰ ਚਿਤ ਰਹਿ ਰਾਇ ਕੈ ॥੫॥
ਕਰ ਬੱਜ੍ ਪਾਤ ਮੁਰਾਰਿ ਹੀ ॥ ਸਰ ਸਸਤ੍ ਤੀਛਨ ਡਾਰਿਹੀ ॥
ਕਰ ਮਲਤੁ ਕਛੁ ਨ ਬਸਾਤ ਹੀ ॥ ਨਹਿ ਸਕਤਿ ਅਸੁਰ ਪਰਾਤ ਹੀ ॥੬॥
ਭਈ ਹੀਨ ਮਾਯਾ ਆਸੁਰੀ ॥ ਸਭਿ ਪ੍ਰਲਜ ਲਜ ਭਉਮਾਸੁਰੀ ॥
ਅਬ ਬਨ ਜੋ ਜੁੱਧ ਨਿਦਾਨ ਕੋ ॥ ਬ੍ਰਿਜਨਾਦ ਘਾਤ ਲੁਝਾਨ ਕੋ ॥੭॥
ਜਹ ਜਗਤਿ ਨਾਹ ਪ੍ਰਕਾਸ ਹੀ ॥ ਸਭੁ ਲੀਨ ਚਿਦ ਆਕਾਸ ਹੀ ॥
ਪ੍ਰਕਿਰਤਿ ਤਹ ਨ ਕਲੋਲਹੀ ॥ ਸਭਿ ਬਿਸ੍ ਹਰਿ ਮਹਿ ਡੋਲ ਹੀ ॥੮॥

Sri Satguru Jagjit Singh Ji eLibrary NamdhariElibrary@gmail.com

ਨਹਿ ਰੈਨ ਦਿਵਸ ਪ੍ਰਕਾਸ ਹੀ ॥ ਸਭ ਜੀਵ ਬ੍ਰਹਮ ਨਿਵਾਸਹੀ ॥
ਚਿਦ ਕਾਸ ਕੇਵਲ ਭਾਸਹੀ ॥ ਪਰਬ੍ਰਹਮ ਸੁਤਹ ਬਿਲਾਸਹੀ ॥੯॥
ਤਹ ਦਾਸ ਸ੍ਵਾਮੀ ਏਕਠੇ ॥ ਇਹ ਚੋਜ ਭਗਵਤ ਪੇਖਠੇ ॥
ਸਿਸੁ ਪਰਚਿਤ ਮ੍ਰਿਤਕਾ ਕਟਕ ਰਚਿ ॥ ਤਿਮ ਪਰਚਿਤ ਸ੍ਵਾਮੀ ਦਾਸ ਮਚਿ ॥੧੦॥
ਕਰ ਲੀਨ ਜਗਤ ਚਰਾਚਰੰ ॥ ਸਭੁ ਜੀਅ ਜੰਤੁ ਸੁਰਾਸੁਰੰ ॥
ਨਿਰੰਕਾਰ ਲੀਲਾ ਰੂਪ ਕੈ ॥ ਨਿਜ ਮਾਹਿ ਲੀਨ ਸਰੂਪ ਕੈ ॥੧੧॥
ਪਰਕ੍ਰਿਤਿ ਹਰਿ ਮਹਿ ਲੀਨ ਭਉ ॥ ਸੰਜੀਵ ਭਾਨ ਤਹ ਖੀਨ ਭਉ ॥
ਸੱਤਾ ਮਾਤ੍ਰ ਕੇਵਲ ਭਾਸਹੀ ॥ ਚਿਦਾਕਾਸ ਸ੍ਵਪ੍ਰਕਾਸ ਹੀ ॥੧੨॥
ਬਿਸ੍ਵ ਲਜ ਬਿਸ੍ਵ ਬੈਰਾਟ ਮੈ ॥ ਸਭ ਬ੍ਰਹਮ ਲੀਨਿ ਪ੍ਰਮਾਤਮੈ ॥
ਜਲਾਭਾਸ ਜਲ ਮਹਿ ਦੀਸਹੀ ॥ ਜਲ ਰੂਪ ਮਜ ਜਲ ਈਸ ਹੀ ॥੧੩॥
ਅਸ ਈਸ ਮਨਹਿ ਬਿਚਾਰ ਕੈ ॥ ਬੀਰਜਨਾਦ ਰਚਜੋ ਸੁਧਾਰ ਕੈ ॥
ਜੁੱਧ ਹੇਤੁ ਤਾਹਿ ਪੁਰਾਜਜੋ ॥ ਪਰਾਸ੍ਰਮ ਸਮਰ ਨਿਵਾਜਜੋ ॥੧੪॥
ਧੀਰਜਨਾਦ ਤਉਨ ਨਮਿਤ ਹੈ ॥ ਉਪਰਾਜ ਤਾਹਿ ਅਨਿਤ ਹੈ ॥
ਬਹੁ ਕਾਲ ਤਾਂ ਸ਼ੰਗ ਰੂਝਜੋ ॥ ਸੁਰ ਅਸੁਰ ਬਹੁ ਰਨ ਜੂਝਜੋ ॥੧੫॥
ਨਿਵਾਰ ਗਰਬ ਸੁਰਾਸੁਰੰ ॥ ਉਤ੍ਰ ਓਜ ਚਰਾਚਰੰ ॥
ਪੁਨ ਲੀਨ ਸਗਲ ਜਗਤ੍ਰ ਕੈ ॥ ਅਬ ਲੜਤ ਆਪ ਚਰਿਤ੍ਰ ਕੈ ॥੧੬॥੭॥੫੦੮॥੨੮੨੭॥

ਬਿਸਨੁਪਦ ਸਿੰਧਵੀ ਸੋਲਹਾ ਦੂਜੀ ਤਰਹ ॥

ਪੁਨ ਕੋਪ ਜਨਿੰਦ੍ਰ ਚਾਪ ਲਈ ॥ ਟੰਕਾਰ ਨਿਸੁੰਨੰ ਫੈਲ ਗਈ ॥
ਤਕ ਹੀਜ ਨਿਸਾਚਰ ਬਾਨ ਤਜਜੋ ॥ਕਰ ਮੁਰਛਿਤ ਦੈਤ ਕ੍ਰਿਪਾਨ ਬਜਜੋ ॥੧॥
ਫੁੰਕਾਰ ਫਨਿੰਦ੍ਰ ਸਸੰਸ੍ਰਮੁਖੰ ॥ ਸਿਤ ਸਾਯਕ ਸਾਂਗ ਚਲ ਜੋ ਬਿਦੁਖੰ ॥
ਭੁਜ ਫੋੜ ਨਿਸਾਚਰ ਪੈਠ ਗਈ ॥ ਖਗਰਾਜ ਮਨੋ ਅਹੀ ਲੀਲ ਲਈ ॥੨॥
ਸਹਿਥੀ ਭਸੁਡੀ ਪੁਨ ਚੋਟ ਕਰਜੋ ॥ ਬੀਰਜਨਾਦ ਜਨਿੰਦ੍ਰਹ ਮਾਰ ਧਰਜੋ ॥
ਤ੍ਰਿਸੂਲ ਗਦਾ ਗੁਰਜ ਮਾਰ ਪਰੀ ॥ ਗੜੀਆ ਬਲਮ ਸਮਸਾਮ ਝਰੀ ॥੩॥
ਕ੍ਰਿਪਾਨ ਕਟਾਰ ਜਮਦਾਰ ਢਰਤ ॥ ਹਵ ਦਾਰੁਨ ਬੀਰਨ ਜੋਧ ਮਰਤ ॥
ਗੁਰਜ ਗੂਫਨ ਸੈਫ ਤੁਫੰਗ ਤਬਰ ॥ ਜੰਬੂਆ ਪਿਸ੍ਰੂਲ ਹਥਨਾਲ ਜਬਰ ॥੪॥
ਹੁਕਨਾਲ ਬੰਦੂਕ ਧਮਾਕ ਛੁਟਤ ॥ ਬੱਜ੍ਰਬਾਨ ਸਿਲੀਮੁਖ ਤੀਰ ਉਡਤ ॥
ਚੰਦ੍ਰਹਾਸ ਦੁਧਾਰਨਿ ਮਾਰ ਪਰੀ ॥ ਸਮਾਠ ਗੁਲੇਲ ਚੋਟਨ ਝਰੀ ॥੫॥

Sri Satguru Jagjit Singh Ji eLibrary NamdhariElibrary@gmail.com
Digitized by Punjab Digital Library | www.punjabdigilib.org

ਪਰਸ ਮੂਸਲ ਛਉਹੀ ਛਿਪਰ ਗਦਾ ॥ ਕਰਦ ਛੂਲ ਕੁਠਾਰਨਿ ਸੇਲ ਮਦਾ ॥
ਡੰਡ ਲਸ੍ਰਿਕ ਮੂਸਲ ਪਾਂਸ ਫਹਤ ॥ ਕ੍ਰਿਪਾਨ ਫਰੀ ਅਸਿ ਧੋਪ ਬਹਤ ॥੬॥
ਗੁਰਜ ਮੁਦਗਰ ਡੰਡ ਕਰਵਾਰ ਛਰੀ ॥ ਪੰਛੀ ਸਰ ਸਾਇਕ ਸ਼ੂਲ ਸਰੀ ॥
ਨਾਵਕ ਨਾਚੁਖ ਭਟ ਮਾਰ ਮਚੀ ॥ ਮਿਲਿ ਸਾਹਿਬ ਸੇਵਕ ਜੁੱਧ ਰਚੀ ॥੭॥
ਜੀਵੀਸਰ ਘੋਰ ਸੰਗ੍ਰਾਮ ਮੰਡਜੋ ॥ ਭਗਵੰਤ ਭਗਤਿ ਸੰਗ ਖੇਡ ਖਿਡ ਜੋ ॥
ਬਹੁ ਘਾਇਲ ਘਾਇਲ ਘਾਵ ਦਈ ॥ ਬੀਰਜਨਾਦ ਪਰਾਕ੍ਰਮ ਛੀਨ ਭਈ ॥੮॥
ਭੁਜ ਪੌਰਖ ਜੋਬਨ ਛੀਨ ਬਲੰ ॥ ਤਨ ਝੰਝਰ ਜਾਜਰ ਖੀਨ ਦੁਰਬਲੰ ॥
ਝਰਨਾ ਬਹਿ ਸ੍ਰੋਨਤ ਧਾਰ ਚਲੀ ॥ ਦਨੁਰਾਜ ਅਯੋਧਨ ਮਾਰ ਝਲੀ ॥੯॥
ਮੂਰਛਾ ਬਿਸੁੱਧਿ ਭਜੋ ਸੁ ਤਬੈ ॥ ਬਰਖਾ ਆਯੁਧ ਭਈ ਘੋਰ ਜਬੈ ॥
ਕਰ ਕੰਪ ਸਰਾਸਨਿ ਬਾਨ ਗਿਰਜੋ ॥ ਬਹੁ ਸ੍ਰੋਨਤ ਅੰਗਨ ਅੰਗ ਝਰਜੋ ॥੧੦॥
ਦੁਤਿ ਹੀਨ ਭਈ ਭੁਜ ਕੰਪ ਵਪੰ ॥ ਨ ਬਸਾਤ ਕਛੂ ਹਰਿ ਸੋਂ ਜਦਿਪੰ ॥
ਸਭੁ ਤੇਜ ਪਰਾਕ੍ਰਮ ਖਿੰਚ ਲਜੋ ॥ ਨਿਰਬੀਜ ਨਿਸਾਚਰ ਦੇਹਿ ਭਜੋ ॥੧੧॥
ਪ੍ਰਤਾਪ ਪ੍ਰਭਾ ਦੁਤਿ ਕ੍ਰਾਂਤਿ ਹਰੀ ॥ ਸਭ ਤੇਜ ਪਰਾਕ੍ਰਮ ਸੋਭ ਟਰੀ ॥
ਅੰਗ ਅੰਗ ਸਿਥਲ ਬਲ ਹੀਨ ਭਜੋ ॥ ਪਿਖ ਸੇਲਨ ਸਾਂਗਨ ਝੀਨ ਭਜੋ ॥੧੨॥
ਤਨ ਦਾਰੁਨ ਦੀਹ ਬਿਸਾਲ ਬਡੋ ॥ ਕਨਕਾਚਲ ਪ੍ਰਾਯ ਉਤੰਗ ਅਡੋ ॥
ਜਲਾਸ੍ਰਿਤ ਜੁੱਧ ਜਨਿੰਦ੍ਰ ਠਠਜੋ ॥ ਹਵ ਦਾਰੁਨ ਤੁਮਲ ਜੁੱਧ ਮਚਜੋ ॥੧੩॥
ਦ੍ਵੈ ਮੇਰੁ ਸੋਂ ਮੇਰੁ ਭਿਰੇ ਜੁਰਗੰ ॥ ਦ੍ਵੈ ਸ਼ੇਰ ਮਤੰਗ ਮਚੀ ਗੁਰਗੰ ॥
ਦੁਇ ਨਾਗਕਰੀ ਪੰਨਗ, ਬਬਰੰ ॥ ਦ੍ਵੈ ਦੇਵ ਅਦੇਵ ਕਰੇ ਰਗਰੰ ॥੧੪॥
ਜਿਮ ਦੀਰਘ ਕਾਯ ਸਰਬਲੋਹ ਹਨੀ ॥ ਤਿਮ ਦੇਹਿ ਬਿਸਾਲ ਦਨੁਰਾਜ ਠਨੀ ॥
ਦੋਊ ਸ੍ਵਾਮੀ ਸੇਵਕ ਏਕ ਲਖੇ ॥ ਕਹੁ ਅਬਿਗਤਿ ਕੀ ਗਤਿ ਕਉਨ ਅਖੇ ॥੧੫॥
ਹਰਿ ਕ੍ਰੀੜਤ ਖੇਡਤ ਚੋਜ ਕਰੇ ॥ ਜਿਨ ਰਾਜਹਿ ਸੇ ਸਭ ਖੇਡ ਸਰੇ ॥
ਸਮਰ ਲੀਲਾ ਸ੍ਰੀ ਭਗਵਾਨ ਪਿਖੇ ॥ ਕਰ ਕਉਤਕ ਕੇਲ ਸੰਗ੍ਰਾਮ ਬਿਖੇ ॥
॥੧੬॥੮॥੫੦੬॥੨੮੨੮॥

ਬਿਸਨੁਪਦ ਸਿੰਧਵੀ ॥ ਬਹੁ ਮਾਰ ਮਚੀ ਬਜ੍ਰ ਓਰਨ ਕੀ ॥ ਕਰ ਬਜਾਕੁਲ ਸਮਰ ਸਿਰੋਮਨ ਕੀ ॥
ਤਨ ਦੇਤ ਸੰਭਾਰਤ ਭਜੋ ਜਬ ਹੀ ॥ ਕਰਕੋਪ ਕੁਠਾਰ ਹਨਜੋ ਤਬਹੀ ॥੧॥
ਬ੍ਰਿਨ ਖਾਇ ਬਹੁਰ ਰਿਪੁ ਵਾਰ ਕਰਜੋ ॥ ਫਟ ਦਾਰੁਨ ਘਾਇਨ ਘਾਇ ਕਰਜੋ ॥
ਗੁਰਜ ਗੋਫਨ ਸੂਲਨ ਮਾਰ ਮਚੀ ॥ ਦੁਹੂੰ ਤਰਫ ਜੁਝਾਰਨ ਜੁੱਧ ਰਚੀ ॥੨॥

Sri Satguru Jagjit Singh Ji eLibrary NamdhariElibrary@gmail.com
Digitized by Panjab Digital Library | www.panjabdigilib.org

निरसक निसाचर कान तजजॅो ॥ सर सांगन सेलन ईस जजजॅो ॥
चक्र साइक आरति दीपक कै ॥ हरि ओर पठजॅो बन गीतक कै ॥३॥
चरम सेल गदा गुरज नादन कै ॥ रचि सारंगि सांग सीतारन कै ॥
बनैटी कुठार नीसान बिबिधै ॥ रचि मंदल बीन बादंत्र सुभगै ॥४॥
हथनाल बंदूक तुफंग तहां ॥ धुनि भेरिन संखन नाद महां ॥
सद गरज निसाचर गान गुनं ॥ किलकार अलापति तान धुनं ॥५॥
सर साइक गोलन बान गुली ॥ रचि पुसपन गेंदन माल भली ॥
दीपमाल झ्वाला तोप तजै ॥ प्रकास छटा चपला हूं लजै ॥६॥
धमकार बंदूक तुपक झझकै ॥ रचिमारु दुंदभि धउस धुकै ॥
ढुंकार तुपक धुनि घंटन की ॥ रव नादन घोखन डंकन की ॥७॥
झनकार झनाझन ससत्रून की ॥ पग पाजल घुंघरु पत्रून की ॥
तड़ातड़ छरकन छीट परै ॥ इसपंद मलागर धूप जरै ॥८॥
सद गरजत मानसि ओज भरा ॥ जैकार पदारथ ओह धरा ॥
कर सिसत संधानत बान सरं ॥ मनु अंजुलि डंड प्रनाम करं ॥९॥
उझकत उझक जंजाजल की ॥ धुनि उघटत पाजन पाजल की ॥
मनु भाव नटूहन दाव फबे ॥ उपमा तहि की कह कउन कबे ॥१०॥
फट मसतक सोनत धार बही ॥ पादरथ पंच पात्रून बारि बही ॥
हूं टूक भुजा बिजनाद गिरजॅो ॥ नईबेद तहां पकवान धरजॅो ॥११॥
हव भीखम घोर मसान मची ॥ कबि सजाम समाज हरि पूज रची ॥
बिरोध समाज भगवंत जजजॅो ॥ कर चित इकागर ईस भजजॅो ॥१२॥
भगउती भगवंत भगति हूं कै ॥ बिरोधाचारी निघम कै कै ॥
संग्राम धरमालघ बास बसजॅो ॥ सूरतापनि धरम कबि राम दसजॅो ॥१३॥
खेत्र खेत्रग समान न सूरतता ॥ कबि राम भनै ए बिरोध मता ॥
निस्रा भगवंत बिधै धर कै ॥ निसचज हरि माहि समर कर कै ॥१४॥
तन मनं समरपजॅो ईस्वर ही ॥ जग जान अनित्त निंतजमीस्वर ही ॥
कलि करम बिहीन निहकरम सदा ॥ तिस धजान पगजॅो लै छिपर गदा ॥१५॥
बिरोध समाजं जजजॅो नर हरि ॥ भट दारुन समर मंडजॅो रिस भरि ॥

Sri Satguru Jagjit Singh Ji eLibrary NamdhariElibrary@gmail.com
Digitized by Punjab Digital Library | www.punjabdigilib.org

ਜਿਮ ਪ੍ਰੇਮ ਪਗੇ ਉਰ ਦਾਸ ਭਜੇ ॥ ਤਿਮ ਰੋਸ ਸਨੇ ਦਨੁਰਾਜ ਜੇਜ ॥੧੬॥੯॥੫੧੦॥੨੮੨੬॥

ਬਿਸਨੁਪਦ ਸਿੰਧਵੀ ਸੋਲਹਾ ਤਰਜ਼ ਸਾਨੀ ॥

ਹੋਤ ਪਰਸਪਰ ਜੁੱਧ ਦੁਊ ਭਟ ਰੂਝਹੀਂ ॥ ਨੈਕ ਨ ਮੋੜਤਿ ਅੰਗ ਸਮਰ ਹਠ ਲੂਝਹੀਂ ॥
ਆਯੁਧ ਘੋਰ ਕਰਾਲ ਕਾਲ ਸਮ ਛੁੱਟਹੀਂ ॥ ਜੁਟੇ ਹਠੀਲੇ ਸੂਰ ਸਸਤ੍ਰ ਬਹੁ ਸੁੱਟ ਹੀਂ ॥੧॥
ਕਸ ਕਸ ਸਾਰੰਗ ਬਾਨ ਦੋਊ ਭਟ ਛਾਡਹੀਂ ॥ ਤਕ ਤਕ ਸੂਰਨ ਸੂਰ ਪ੍ਰਲਜ ਹਵ ਮਾਂਡਹੀਂ ॥
ਗਰਜ ਗਰਜ ਭਜ ਨਾਦ ਘੋਰ ਸਦ ਕੂਕਹੀਂ ॥ ਦਾਵ ਘਾਵ ਬਹੁ ਭਾਂਤਿ ਭਟਨ ਭਟ ਝੋਕਹੀਂ ॥੨॥

ਨਾਦ ਨਿਸੁਨ ਭਜਕਾਰ ਹਾਕ ਕਲ ਘੋਰ ਹੇ ॥
ਦੁੰਕਤ ਦੁਸਹ ਕਠੋਰ ਘੋਰ ਕਲ ਸੋਰ ਹੇ ॥
ਬਬਕਤ ਬਜਾਘ੍ਰਨ ਘੋਖ ਡਾਂਕ ਮੇਘਨ ਦਲ ਲਜਿੱਤ ॥
ਮਹਾਕਾਲ ਕੋ ਡਾਂਕ ਹਾਂਕ ਦੁਸਤਰ ਕਲ ਗਜਿੱਤ ॥੩॥
ਚਉਪ ਚਉਪ ਸਮੁਹਾਤ ਹਾਂਕ ਦੈ ਭਿੜਤਿ ਅਯੋਧਨ ॥
ਮਾਰ ਮਾਰ ਮੁਖ ਟੇਰ ਹੇਰ ਮੁਖ ਪ੍ਰਭਾ ਸਿਰੋਮਨਿ ॥
ਹੈਂਸ ਹੈਂਸ ਬਿਹਸਾਹਿ ਤਾਨ ਸਾਰੰਗ ਟੰਕਾਰਤ ॥
ਤਕ ਤਕ ਬਾਨ ਸੰਧਾਨ ਸਮੁਹਿ ਹ੍ਵੈ ਸਸਤ੍ਰ ਪ੍ਰਹਾਰਤ ॥੪॥
ਸੇਲ ਸਾਂਗ ਸਹਿਥੀਨ ਏਕਹੀ ਬਾਰਿ ਚਲਾਵਤ ॥
ਛੂਲ ਤ੍ਰਿਸੂਲਨ ਸੂਲ ਘਾਜ ਘਾਯਨ ਤਨ ਘਾਵਤ ॥
ਗੁਰਹ ਗੁਲੇਲ ਕਲੂਖ ਤੀਨ ਬਿਧਿ ਅਸਤ੍ਰਨ ਡਾਰਤ ॥
ਸ੍ਰੀ ਜਨਿੰਦ੍ਰ ਦਿਸ ਪਠਤਿ ਭਾਂਤਿ ਭਾਂਤਿਨ ਸਰ ਪਾਰਤ ॥੫॥
ਸਿਲਿ ਮੁਖ ਖਪਰਾ ਖਤੰਗ ਤੀਨ ਬਿਧਿ ਬਾਨਨ ਘਾਵਤ ॥
ਕਰਦਨ ਛਉਹੀ ਛੁਰੀ ਤੀਨ ਭਾਂਤਿਨ ਬ੍ਰਿਨਲਾਵਤ ॥
ਪਰਸਾ ਫਰੀ ਕੁਠਾਰ ਤਮਕ ਤੀਖਨ ਭਟ ਘਾਵੈਂ ॥
ਸੈਫ ਸਰੋਹੀ ਤੇਗ, ਬ੍ਰਿਨ ਜਿਨਰਾਜ ਚਖਾਵੈਂ ॥੬॥
ਧੌਪ ਦੁਧਾਰੀ ਖੰਡ ਘਾਵ ਦਾਰੁਨ ਰਿਪੁ ਪੇਲਤ ॥
ਜਮਧਰ ਜ਼ਬਰ ਕਟਾਰ ਤਿੱਛ ਪੈਨੀ ਹਠ ਰੇਲਤ ॥
ਖ਼ੰਜਰ ਬਿਛੂਆ ਬਾਂਕ ਭਾਂਤਿ ਤ੍ਰੈ ਸਨਮੁਖ ਚੇਲਤ ॥
ਫਾਸੀ ਫਾਹ ਕਮੰਦ ਤੀਨ ਬਿਧਿ ਗ੍ਰੀਵਨ ਮੇਲਤ ॥੭॥

Sri Satguru Jagjit Singh Ji eLibrary NamdhariElibrary@gmail.com
Digitized by Panjab Digital Library | www.panjabdigilib.org

ਗਦਾ ਗੁਰਜ ਸਮਾਠ ਕੋਪ ਕਰ ਅਸੁਰ ਪਠਾਵਤ ॥
ਤੀਨ ਤੀਨ ਬਿਧ ਸਸਤ੍ਰ ਅਸਤ੍ਰ ਨਾਨਾ ਭਟ ਘਾਵਤ ॥
ਸਨਮੁਖ ਸਮਰ ਜਨਿੰਦ੍ਰ ਢੀਠ ਹ੍ਵੈ ਜੁੱਧ ਮਚਾਵਤ ॥
ਬੀਰਜਨਾਦ ਜਿਯ ਹਉਸ ਸਕਲ ਰਨ ਮਾਹਿ ਪੁਰਾਵਤ ॥੮॥

ਆਯੁਧ ਘੋਰ ਸੰਬੂਹ ਬਾਨ ਛਹਿਬਰ ਕਰ ਬਰਖੈਂ ॥
ਸਾਰ ਬਜ੍ਰ ਹੁਕ ਬਾਨ ਬਰਫ ਗੋਲਾ ਡਵ ਝਰਖੈ ॥
ਲੂਕ ਅੰਗਾਰ ਅਪ੍ਰਮਾਨ ਘੋਰ ਦਾਮਨਿ ਸਮ ਲਪਕੈ ॥
ਝਰ ਝਰ ਪਰਿ ਚਿਨਗਾਰ ਸਾਰ ਧਾਰਾ ਹ੍ਵੈ ਝਪਕੈ ॥੯॥

ਚਟ ਚਟ ਚੋਟ ਚਟਾਕ ਸਸਤ੍ਰ ਅਸਤ੍ਰਨ ਕੇ ਪਰਹੀਂ ॥
ਘਹਿਰਤ ਦੀਹ ਤੁਫੰਗ ਤੋਪ ਗੋਲਨ ਬਹੁ ਝਰਹੀਂ ॥
ਗੋਲਾ ਬਾਨ ਗੁਲੇਲ ਗੁਰਹ ਗੋਫਨ ਝਰਿ ਲਾਯੋ ॥
ਨਾਲ ਬੰਦੂਕ ਧਮਾਕ ਤੋਪ ਪਿਸ੍ਰੂਲ ਸਲਖਾਯੋ ॥੧੦॥

ਦੁਹੂੰ ਦਿਸਨ ਭਟ ਗੂੜ ਰੂੜ ਨਿਸਚਰ ਤਨ ਭਾਰੀ ॥
ਗਦਾ ਗਰਿਸ੍ਰ ਅਪ੍ਰਮਾਨ ਫਾਂਧ ਹਰਿ ਦਿਸ ਪਰਹਾਰੀ ॥
ਵਰਹਤ ਬੂੰਦ ਸਮਾਨ ਬਜ੍ਰ ਗੋਲਾ ਝਰਿ ਲਾਯੋ ॥
ਛਾਡਤ ਅਸੁਰ ਨਿਸੰਗ ਸੰਕ ਰੰਚਕ ਨਹਿ ਲਜਾਯੋ ॥੧੧॥

ਆਨਨ ਜ੍ਵਾਲਾ ਤਜਤ ਬਾਨ ਪਾਵਕ ਪਰਹਰਹੀਂ ॥
ਬਹੁ ਬਹੁ ਪਾਵਕ ਫੈਲ ਤੁਪਕ ਗੋਲਾ ਹਵ ਝਰਹੀਂ ॥
ਗਰਜ ਭਜਾਨਕ ਕ੍ਰੂਰ ਮੂੜ ਹ੍ਵੈ ਹਠ ਠਾਨਜੋ ॥
ਲਰਤ ਪਰਸਪਰ ਜੁੱਧ ਸੀਲ ਕਰ ਪੱਛ ਉਡਾਨਜੋ ॥੧੨॥

ਅਦਭੁਤ ਚੋਜ ਦਯਾਲੁ ਕਾਲ ਕ੍ਰੀੜਤ ਹਵ ਰਚਿ ਕਰ ॥
ਲਖ ਨਹਿ ਪਰਤ ਚਰਿਤ੍ਰ ਆਪ ਰੂਝਤ ਸੰਗ ਨਿਸਚਰ ॥
ਗਰਬ ਗੰਜ ਅਨਰੰਜ ਖਲਨ ਭੰਜਨ ਸੁਖਰਾਰੀ ॥
ਸਮਰ ਪ੍ਰਲਜ ਮਹਿ ਮਚਜੋ ਆਪ ਦਾਨਵ ਸੰਗਾਰੀ ॥੧੩॥

ਕ੍ਰੀੜਤਿ ਅਸੁਰ ਉਪਾਜ ਬਾਲ ਲੀਲਾ ਭਗਵੰਤ ॥
ਸਿਸੁ ਜਿਮ ਪਰਿਚਿਤ ਰਚਨ ਰਾਚ ਤਿਮ ਚੋਜ ਅਨੰਤ ॥

Sri Satguru Jagjit Singh Ji eLibrary NamdhariElibrary@gmail.com
Digitized by Punjab Digital Library | www.punjabdigilib.org

ਭਾਰਥ ਪ੍ਰਲਜ ਯੁੱਧ ਸਮਰ ਦਾਰੁਨ ਹਵ ਮੰਡੇ ॥
ਨਿਵਰੋ ਮਾਨ ਸੁਰਿੰਦ੍ ਦੇਵ ਦਾਨੂੰ ਖੰਡ ਖੰਡੇ ॥੧੪॥
ਗਹਲੇ ਖਰਬਨ ਗਰਬ ਮਾਨ ਮਰਦਹ ਹੰਕਾਰੀ ॥
ਕਰੇ ਜ਼ੇਰ ਬਰਜਾਰ ਸਬਲ ਸੂਰਾ ਬਲਕਾਰੀ ॥
ਸਮਰ ਅਖਾੜਾ ਪਾਇ ਦੇਵ ਦਾਨਵ ਰਨ ਬਿਚਰੇ ॥
ਪੇਖਤਿ ਸ੍ਰਿੰਗ ਸੁਮੇਰੁ ਬੈਠ ਸ੍ਰੀਪਤਿ ਸੁਰ ਸਗਰੇ ॥੧੫॥
ਆਪ ਬਨੇ ਨਟਰਾਜ ਸੈਨ ਦੋਊ ਮੱਲ ਸੁਹਾਏ ॥
ਕਉਤਕ ਹੇਰਤੁ ਬੈਠ ਤਹਾਂ ਸੁਰ ਅਸੁਰ ਲੜਾਏ ॥
ਪੁਨ ਸਭਿ ਖੇਲ ਉਝਾਰ ਸਕਲ ਜਗ ਪ੍ਰਲਜੁ ਪਰਾਜਯੋ ॥
ਹ੍ਵੈ ਇਕਾਂਤ ਜੁੱਧ ਠਟੇ ਦੈਂਤ ਸੰਗ੍ਰਾਮ ਬਿਰਾਜਯੋ ॥੧੬॥੧੦॥੫੧੧॥੨੮੩੦॥

ਬਿਸਨੁਪਦ ਸਿੰਧਵੀ ਦੂਜੀ ਤਰਹ ॥

ਪਨ ਆਪ ਖਿਲਾਰੀ ॥ ਭਏ ਮੁਰਾਰੀ ॥ ਮਿਲ ਸਾਹਿਬ ਦਾਸਾ ॥ ਰਚਯੋ ਤਮਾਸਾ ॥੧॥
ਅਤਭੁਤ ਲੀਲਾ ॥ ਪਰੇ ਪਰੀਲਾ ॥ ਨੀਰ ਮਝਾਰਾ ॥ ਰਚਯੋ ਅਖਾਰਾ ॥੨॥
ਬਾਰਿ ਭਜਾਵਨ ॥ ਤਹ ਜਗ ਪਾਵਨ ॥ ਸੰਗ੍ਰਾਮ ਰਚਯਕੈ ॥ ਆਪ ਪ੍ਰਲਜ ਕੈ ॥੩॥
ਰਚਯੋ ਅਖਾਰਾ ॥ ਸਮਰ ਅਪਾਰਾ ॥ ਬਿਬ ਬਰਜਾਰੂ ॥ ਹਠੇ ਜੁਝਾਰੂ ॥੪॥
ਮਾਰ ਕਰਾਰੀ ॥ ਮਚੀ ਭਜਾਰੀ ॥ ਹਠੇ ਗੁਸਾਈ ॥ ਜੁੱਧ ਮਚਾਈ ॥੫॥
ਕੁਪਿ ਕ੍ਰਿਪਾਲਾ ॥ ਭ੍ਰਿਕੁਟਿ ਕਰਾਲਾ ॥ ਧਨੁਖ ਟੰਕੋਰਯੋ ॥ ਆਹਵ ਜੋਰਯੋ ॥੬॥
ਬਾਨ ਸੰਧਾਨਯੋ ॥ ਅਸੁਰ ਡਰਾਨਯੋ ॥ ਸਾਇਕ ਛੂਟਯੋ ॥ ਰਿਪੁ ਹਿਯ ਫੂਟਯੋ ॥੭॥
ਗਦਾ ਪ੍ਰਹਾਰਯੋ ॥ ਮਾਨ ਬਿਦਾਰਯੋ ॥ ਸਾਯਕ ਮਾਰੇ ॥ ਗਰਬ ਨਿਵਾਰੇ ॥੮॥
ਮੂਸਲ ਝਕਝੋਰਾ ॥ ਬਜ੍ਰਨਿ ਖੋਰਾ ॥ ਸਹਿਥੀ ਚਲਾਯੋ ॥ ਅਸੁਰ ਲੁਝਾਯੋ ॥੯॥
ਤੈਨੀ ਪਾਤਾ ॥ ਅਸਤ੍ਰਨ ਘਾਤਾ ॥ ਸੇਲਨ ਛਉਹੀ ॥ ਸਾਂਗ ਦਸਉਹੀ ॥੧੦॥
ਬਰਛੀ ਬੰਬਜਾਲੀ ॥ ਪਰੀ ਪੱਛਾਲੀ ॥ ਜਮਧਰ ਕਰਾਵਰਾ ॥ ਧੌਪ ਦੁਧਾਰਾ ॥੧੧॥
ਸਸਤ੍ਰ ਅਪਾਰਾ ॥ ਹਨਿ ਕਰਤਾਰਾ ॥ ਅਸਤ੍ਰ ਅਨੇਕਾ ॥ ਹਤੇ ਬਿਸੇਖਾ ॥੧੨॥
ਅਸੁਰ ਬਿਦਾਰਜੋ ॥ ਸਸਤ੍ਰ ਪ੍ਰਹਾਰਯੋ ॥ ਹਠ ਰਨ ਕੀਨਜੋ ॥ ਕਹਿ ਨਹਿ ਦੀਨਜੋ ॥੧੩॥
ਮੁਰਛਿਤ ਕੀਨ ਜੋ ॥ ਅਸੁਰ ਰੁਝੀਨ ਜੋ ॥ ਅੰਗ ਅੰਗ ਬੇਧੇ ॥ ਨਿਸਚਰ ਖੇਦੇ ॥੧੪॥
ਗਿਰਯੋ ਬਿਚੇਤੰ ॥ ਸਮਰ ਅਚੇਤੰ ॥ ਸਸਤ੍ਰ ਬ੍ਰਿਨ ਘਾਇ ॥ ਹਵ ਮੁਰਛਾਇ ॥੧੫॥
ਬਿਸੁਧਿ ਸਰੀਰਾ ॥ ਸਸਤ੍ਰਨ ਪੀਰਾ ॥ ਗਿਰਜੋ ਬਿਸੁੱਧੰ ॥ ਪ੍ਰਲਜ ਬਿਰੁੱਧੰ॥੧੬॥੧੧॥੫੧੨॥੨੮੩੧॥

Sri Satguru Jagjit Singh Ji eLibrary NamdhariElibrary@gmail.com
Digitized by Punjab Digital Library | www.punjabdigilib.org

ਬਿਸਨੁਪਦ ਸਿੰਧਵੀ ਤਰਹ ਦੂਜੀ ॥

ਜੁਗ ਡੰਡ ਪ੍ਰਮਾਨੰ ॥ ਰਹਿ ਮੁਰਛਾਨੰ ॥ ਪੁਨ ਭਟ ਜਾਗ ਸੋ ॥ ਸੁਧ ਅਨੁਰਾਗਜੋ ॥੧॥
ਧਨੁਖ ਟੰਕਾਰਜੋ ॥ ਹਰਿਹ ਪ੍ਰਹਾਰਜੋ ॥ ਰਾਤੇ ਨੈਨੰ ॥ ਬੰਕੈ ਬੈਨੰ ॥੨॥
ਸਾਰੰਗ ਤਾਨਜੋ ॥ ਬਾਨ ਸੰਧਾਨਜੋ ॥ ਕੈਬਰ ਛੂਟੇ ॥ ਬਗਤਰ ਫੂਟੇ ॥੩॥
ਬਰਖਾ ਬਰਖੈ ॥ ਬੂੰਦਨ ਸਰਖੈ ॥ ਬਜ੍ਰ ਅਪਾਰਾ ॥ ਪ੍ਰਲਜ ਅਖਾਰਾ ॥੪॥
ਛੂਲੀ ਬਾਨੰ ॥ ਤਿੱਛ ਕ੍ਰਿਪਾਨੰ ॥ ਸੰਜੰ ਨਹਿਕੈ ॥ ਤੇਗੰ ਬਹਿਕੈ ॥੫॥
ਸੇਲਾ ਡਾਰਤਿ ॥ ਹਰਿਹ ਹਕਾਰਤਿ ॥ ਪਟਾ ਭ੍ਰਮਾਵਤਿ ॥ ਸਾਂਗ ਪਠਾਵਤਿ ॥੬॥
ਗੌਫਨ ਮਾਰਤ ॥ ਕਮੰਦਨ ਡਾਰਤ ॥ ਪਾਂਸਨ ਫਾਹਤ ॥ ਖੰਜਰ ਬਾਹਤ ॥੭॥
ਗਦਾ ਚਲਾਵਤ ॥ ਹਰਿ ਪ੍ਰਤਿ ਘਾਵਤ ॥ ਸਸਤ੍ਰ ਸੰਬੂਹਨ ॥ ਬਰਖਤ ਦ੍ਰੂਹਨ ॥੮॥
ਤਕ ਤਕ ਘਾਵਤ । ਬ੍ਰਨਨ ਲਗਾਵਤ ॥ ਪੁਨ ਪੁਨ ਘਾਵਤ ॥ ਆਜੁਧ ਲਾਵਤ ॥੯॥
ਪੁਨ ਪੁਨ ਖਉਰੇ ॥ ਹਰਿ ਦਿਸ ਦਉਰੇ ॥ ਦਾਇ ਘਨੇਰੇ ॥ ਕਰਤ ਬਹੁਤੇਰੇ ॥੧੦॥
ਦੈ ਦੈ ਤਾਲਾ ॥ ਹਾਂਕ ਬਿਸਾਲਾ ॥ ਭੁਜ ਠੋਕਤ ਐਸੈ ॥ ਜਮਗਨ ਜੈਸੇ ॥੧੧॥
ਨੇਤ੍ਰ ਕਰੂਰੰ ॥ ਕਾਯ ਕਠੂਰੰ ॥ ਦੀਰਘ ਬਪੁ ਭਾਰੀ ॥ ਕਾਲ ਅਨੁਸਾਰੀ ॥੧੨॥
ਘੋਖ ਭਜਾਵਨ ॥ ਘਨ ਜਲ ਸਾਵਨ ॥ ਬਾਹੁ ਬਿਸਾਲਾ ॥ ਅਸੁਰ ਭੀਹਾਲਾ ॥੧੩॥
ਸ੍ਰੋਨਤ ਲੋਚਨ ॥ ਪ੍ਰਾਨਨ ਮੋਚਨ ॥ ਮਦ ਕਰ ਬਉਰਾ ॥ ਨਿਸਚਰ ਰਉਰਾ ॥੧੪॥
ਭੁਜ ਦੰਡ ਕਠੋਰਾ ॥ ਅਤਿ ਬਲ ਥੋਰਾ ॥ ਗਿਰਿਸ੍ਰ ਅਪਾਰਾ ॥ ਮਹਿ ਨ ਸੰਭਾਰਾ ॥੧੫॥
ਧਸਕਤਿ ਧਰਨੀ ॥ ਚੁਰਤਿ ਗਿਰਨੀ ॥ ਨਖ ਸਿਖ ਭੀਖਨ ॥ ਦਾਰੁਨ ਦੂਖਨ ॥੧੬॥
॥੧੨॥੫੧੩॥੨੮੩੨॥

ਬਿਸਨੁਪਦ ਸਿੰਧਵੀ ਤਰਹ ਦੂਜੀ ਤਰਜ਼ ਸਾਨੀ ॥

ਕਾਲ ਸਮਾਨਾ ॥ ਨਿਸਚਰ ਰਾਨਾ ॥ ਬਿਬ ਜਮ ਕਾਲਾ ॥ ਅਸੁਰ ਭੀਹਾਲਾ ॥੧॥
ਸੰਜ ਟੂਟੇ ॥ ਗਾਤ ਫੂਟੇ ॥ ਤੀਰ ਛੂਟੇ ॥ ਬੀਰ ਲੂਟੇ ॥੧॥ਰਹਾਉ॥
ਸਸਤ੍ਰ ਡਾਰੇ ॥ ਅਸੁਰ ਭਾਰੇ ॥ ਮਾਰ ਬੋਲੇ ॥ ਸਮਰ ਡੋਲੇ ॥੨॥
ਦਾੜ ਚਾਬੇਂ ॥ ਅਧਰ ਦਾਬੇਂ ॥ ਰਦਨ ਪੀਸੇਂ ॥ ਕਰਤ ਠੀਸੇਂ ॥੩॥
ਮੁੱਛ ਐਠੇਂ ॥ ਸਮਰ ਪੈਠੇਂ ॥ ਸਸਤ੍ਰ ਪਿਲੇਂ ॥ ਬ੍ਰਨ ਝਿਲੇਂ ॥੪॥
ਹਾਂਕ ਮਾਰੇਂ ॥ ਜੀਹ ਕਾੜੇ ॥ ਨੀਰ ਝੋਰਤ ॥ ਬੀਰ ਬੋਰਤ ॥੫॥
ਘਾਇ ਡਾਲੇਂ ॥ ਸਮਰ ਘਾਲੇਂ ॥ ਮਾਰ ਕੂਕੈਂ ॥ ਸਮਰ ਦੂਕੈਂ ॥੬॥
ਹ੍ਰੂਹ ਹਾਸੰ ॥ ਪਾਨ ਫਾਸੰ ॥ ਗੁਰਜ ਧਾਰੇ ॥ ਬੀਰ ਮਾਰੇਂ ॥੭॥

Sri Satguru Jagjit Singh Ji eLibrary NamdhariElibrary@gmail.com

ਬਾਨ ਧਾਰੀ ॥ ਸਮਰ ਕਾਰੀ ॥ ਅਰਬ ਮੂਰਤਿ ॥ ਖਰਬ ਸੂਰਤਿ ॥੮॥
ਕੋਟਿ ਬਾਹੂ ॥ ਦੈਤ ਨਾਹੂ ॥ ਦੀਹ ਡੰਡੀ ॥ ਦੇਵਿ ਚੰਡੀ ॥੯॥
ਲਛ ਮੁੱਖੰ ॥ ਸਮਰ ਭੁੱਖੰ ॥ ਡੀਲ ਭਾਰੀ ॥ ਪ੍ਰਾਨਹਾਰੀ ॥੧੦॥
ਉਤੰਗ ਦੀਹਾ ॥ ਘੋਰ ਜੀਹਾ ॥ ਕਾਲ ਰੂਪੰ ॥ ਜਮ ਸ੍ਵਰੂਪੰ ॥੧੧॥
ਕੋਟਿ ਆਯੁਧ ॥ ਪੰਜਿ ਛਕੇ ਸਾਯੁਧ ॥ ਛਕੇ ਸਾਰੰਗ ॥ ਲਖ ਢਾਰੰਗ ॥੧੨॥
ਚੰਦ੍ਰਹਾਸੰ ॥ ਸਹਸ ਪਾਸੰ ॥ ਐਤ ਬਾਨੰ ॥ ਸਤ ਕ੍ਰਿਪਾਨੰ ॥੧੩॥
ਗੁਰਜ ਲੱਖੰ ॥ ਸੇਲ ਵਖੰ ॥ ਸਹੰਸ੍ਰ ਛੂਲੰ ॥ ਲਖ ਤ੍ਰਿਸੂਲੰ ॥੧੪॥
ਗਦਾ ਨਾਨਾ ॥ ਸਾਂਗ ਬਾਨਾ ॥ ਸੇਲ ਬਿਸਤਰ ॥ ਛਿਪਰ ਬਿੰਸਰ ॥੧੫॥
ਕੋਟਿ ਆਯੁਧ ॥ ਸਜੇ ਚਾ ਯੁਧ ॥ ਭੀਮ ਦਰਸਨ ॥ ਪ੍ਰਾਨ ਚੁੰਸਨ ॥੧੬॥
॥੧੩॥੫੧੪॥੨੮੩੩॥

ਬਿਸਨੁਪਦ ਸਿੰਧਵੀ ਸੋਲਹੇ॥ਬਲਿਸ੍ਰ ਜੋਧਾ॥ਨਹਿ ਜਾਤ ਸੋਧਾ ॥ਸਮਰ ਮੰਡਨ ॥ਬੀਰ ਦੰਡਨ ॥੧॥
ਸਮਰ ਬਾਨੀ ॥ ਬੀਰ ਮਾਨੀ ॥ ਛਤ੍ਰਧਾਰੀ ॥ ਸੂਰ ਭਾਰੀ ॥੨॥
ਪ੍ਰਲ ਜਕਾਰਕ ॥ ਪ੍ਰਾਨ ਹਾਰਕ ॥ ਧਾਨੁ ਜਾਤ੍ਰ ॥ ਜਗੁ ਬਿਖ ਜਾਤ੍ਰ ॥੩॥
ਜਾਤ ਧਾਨੂ ॥ ਦੀਹ ਦਾਨੂ ॥ ਬਹੁ ਭਾਂਤਿ ਆਨਨ ॥ ਸੁੰਡ ਗਜਾਨਨ ॥੪॥
ਘੋਰ ਨਾਦੰ ॥ ਕਰਤਿ ਬਾਦੰ ॥ ਤਿਮਰ ਘੋਰਾ ॥ ਤਮ ਕਠੋਰਾ ॥੫॥
ਗੋਰ ਮੁੱਖੰ ॥ ਪਰਮ ਦੁੱਖੰ ॥ ਸਜਾਮ ਆਨਨ ॥ ਅਰੁਨ ਭਾਨਨ ॥੬॥
ਪ੍ਰਜ੍ਵਲਤਿ ਜ੍ਵਾਲਾ ॥ ਦੀਪ ਮਾਲਾ ॥ ਕਰੀਟ ਸੋਹੈ ॥ ਚਿੱਤ ਮੋਹੈ ॥੭॥
ਪਾਗ ਧਾਰੈ ॥ ਮੋਹ ਡਾਰੈ ॥ ਸਰਪੇਚ ਸੋਭਿਤ ॥ ਚਿੱਤ ਖੋਭਿਤ ॥੮॥
ਭੁਜਬੰਦ ਰਾਜੈ ॥ ਬਸਨ ਛਾਜੈ ॥ ਸਸਤ੍ਰ ਸੋਭੈ ॥ ਚਿੱਤ ਲੋਭੈ ॥੯॥
ਕੁਲਹ ਟੋਪੰ ॥ ਸੰਜ ਓਪੰ ॥ ਬਰਮਧਾਰੀ ॥ ਚਰਮ ਵਾਰੀ ॥੧੦॥
ਮਦ ਪਾਨ ਕਰਤਾ ॥ ਹੂਰ ਬਰਤਾ ॥ ਦੇਵ ਬਾਲਾ ॥ ਰਾਗ ਮਾਲਾ ॥੧੧॥
ਬਰ ਜੋ ਕੰਨਜਾ ॥ ਬੀਰ ਧੰਨਜਾ ॥ ਸੁਰਬਧੂ ਭੋਗੀ ॥ ਦੇਵ ਸੋਗੀ ॥੧੨॥
ਸ੍ਰਿਸ੍ਰ ਜੇਤਾ ॥ ਸਮਰ ਕੇਤਾ ॥ ਰਨ ਖੰਭ ਜਾਨੋ ॥ ਕਾਲ ਮਾਨੋ ॥੧੩॥
ਦੰਤ ਕ੍ਰੋਹੀ ॥ ਦੇਵ ਦ੍ਰੋਹੀ ॥ ਇਖੁਧਾਰੀ ॥ ਸਕ੍ਰਘਾਰੀ ॥੧੪॥
ਚਕ੍ਰਵਰਤੀ ॥ ਕਲਾ ਚੜਤੀ ॥ ਅਛਰਾਨ ਭੋਗੀ ॥ ਅਪਛਰਾਨ ਬਜੋਗੀ ॥੧੫॥
ਬਾਯੁਹਾਰੀ ॥ ਆਯੁ ਭਾਰੀ ॥ ਕਲਪ ਦੇਖਜੋ ॥ ਬਡਾਯੁ ਪੇਖਜੋ ॥੧੬॥
॥੧੪॥੫੧੫॥੨੮੩੪॥

Sri Satguru Jagjit Singh Ji eLibrary NamdhariElibrary@gmail.com

ਬਿਸਨੁਪਦ ਸਿੰਧਵੀ ਤਰਹ ਸਾਨੀ ॥

ਕੁਪੇ ਭਗਵਾਨਾ ॥ ਕੈਬਰ ਸੰਧਾਨਾ ॥ ਗਜੇ ਜਨਿੰਦ੍ਰ ॥ ਦਹਲੇ ਰਿਪਿੰਦ੍ਰ ॥੧॥
ਸੱਜੇ ਸੁਬਾਹ ॥ ਦੁਹੁੰ ਦਿਸ ਉਛਾਹ ॥ ਹਉਸੇ ਅਪਾਰ ॥ ਉਰ ਹਰਖ ਚਾਰ ॥੨॥
ਸੱਜੇ ਸਨਾਹ ॥ ਸੰਜੋ ਕੁਲਾਹ ॥ ਕਟਿ ਕਛੇ ਕਾਛ ॥ ਬਪੁ ਦੀਹ ਆਛ ॥੩॥
ਅਸਿ ਚਰਮ ਢਾਰ ॥ ਜਮਧਰ ਕਟਾਰ ॥ ਸੈਫ ਖਤੰਗ ॥ ਕੈਬਰ ਨਿਖੰਗ ॥੪॥
ਗੋਫਨ ਗੁਲੇਲ ॥ ਫਰਹੀ ਔ ਸੇਲ ॥ ਨਾਚੁਖ ਕਮਾਨ ॥ ਸਿਲੀਮੁਖ ਬਾਨ ॥੫॥
ਸਹਿਥੀ ਕਮੰਦ ॥ ਫਾਸੀ ਫਹੰਦ ॥ ਚੰਦ੍ਰਹਾਸ ਚਾਰੁ ॥ ਚਕ੍ਰੰ ਕੁਠਾਰ ॥੬॥
ਤ੍ਰਿਸੂਲ ਬੱਜਰ ॥ ਪਰਸਾ ਖੰਜਰ ॥ ਕਾਰਦ ਛਿਪਰ ॥ ਬਰਛਾ ਤਬਰ ॥੭॥
ਅਬਰੀ ਖਮੀਰ ॥ ਪੰਛੀ ਪਰੀਰ ॥ ਸਾਯਕ ਬਿਸਖ ॥ ਪਿਸ੍ਟੁਲ ਧਮਕ ॥੮॥
ਹਰਬਰ ਹਜਾਰ ॥ ਅਗਨਤਿ ਅਪਾਰ ॥ ਸਸਤ੍ਰੂਨ ਅਸੇਖ ॥ ਅਸਤ੍ਰੂਨ ਬਿਸੇਖ ॥੯॥
ਲਗਿ ਹੋਨ ਮਾਰ ॥ ਦੁਹੁੰ ਤਰਫ ਸਾਰ ॥ ਚਟ ਚਟ ਚਟਾਕ ॥ ਤੁਪਕ ਤੜਾਕ ॥੧੦॥
ਭਭਕੰਤਿ ਘਾਇ ॥ ਬਬਕੰਤਿ ਧਾਇ ॥ ਸਟਾਸਟ ਸੇਲ ॥ ਤੜਾਤੜ ਗੁਲੇਲ ॥੧੧॥
ਘਹਰੰਤਿ ਬੀਰ ॥ ਝੇਲੰਤਿ ਤੀਰ ॥ ਹਹਰੰਤਿ ਜੁਆਨ ॥ ਆਹਵ ਨਿਦਾਨ ॥੧੨॥
ਮੁਖ ਮਾਰ ਮਾਰ ॥ ਉਚਰਤ ਜੁਝਾਰ ॥ ਬੂੰਦਨ ਪ੍ਰਾਯ ॥ ਸਾਯਕ ਬਰਖਾਯ ॥੧੩॥
ਢਲਹਲਤ ਢਾਲ ॥ ਝਲ ਹਲਤ ਜ੍ਵਾਲ ॥ ਦਮਕੰਤਿ ਬਾਨ ॥ ਚਮਕਤਿ ਕ੍ਰਿਪਾਨ ॥੧੪॥
ਭਭਕੰਤਿ ਬੀਰ ॥ ਝਮਕੰਤਿ ਤੀਰ ॥ ਕੂਦਤ ਮਲੰਗ ॥ ਉਛਰਤ ਪਲੰਗ ॥੧੫॥
ਬਾਨਨ ਖਤੰਗ ॥ ਬਾਹਤਿ ਨਿਸੰਗ ॥ ਉਫਟੰਤਿ ਤੀਰ ॥ ਘਾਯਨ ਗੰਭੀਰ ॥੧੬॥
॥੧੫॥੫੧੬॥੨੮੩੫॥

ਬਿਸਨੁਪਦ ਸਿੰਧਵੀ ਤਰਹ ਸਾਨੀ ॥

ਹਠੇ ਬੀਰ ਬੀਰੰ ॥ ਮਚੀ ਮਾਰ ਤੀਰੰ ॥ ਛੁਰੀ ਛਿਪ੍ਰ ਮਾਰੰ ॥ ਬਹੈ ਸਾਰ ਧਾਰੰ ॥੧॥
ਕਰਉਤੀ ਕ੍ਰਿਪਾਨੰ ॥ ਕਰੇ ਸਾਰ ਬਾਨੰ ॥ ਗਦਾ ਗੁਰਜ ਗੋਲਾ॥ ਪਰੇ ਧਾਰ ਓਲਾ ॥੨॥
ਬਹੇ ਬਾਨ ਮਾਰੂ ॥ ਚਲੇ ਸਾਰ ਧਾਰੂ ॥ ਸ੍ਰੀ ਤਿੱਛ ਸਾਯਕ ॥ ਬਹੈ ਪ੍ਰਾਨ ਘਾਯਕ ॥੩॥
ਤਬਰ ਤੇਗ ਬਾਹਤ॥ ਕਮੰਦ ਗ੍ਰੀਵ ਗ੍ਰਾਹਤ ॥ ਪਰਸਪਰ ਸੁ ਜੁੱਧੰ ॥ ਮੰਡੇ ਹਵ ਬਿਰੁੱਧੰ ॥੪॥
ਚਕਾਚਕ ਤੀਰੰ ॥ ਕਰੈ ਮਾਰ ਧੀਰੰ ॥ ਡਕਾਡਾਕ ਡਾਕੈਂ ॥ ਹਕਾਹਾਕ ਹਾਕੈਂ ॥੫॥
ਪਰਸਪਰ ਬਿਰੁੱਧੰ ॥ ਮੰਡੈ ਬੀਰ ਜੁੱਧੰ ॥ ਧਮਾ ਧੰਮ ਸਾਂਗੰ ॥ ਭਿਜੇ ਸੋਨ ਬਾਰੀ ॥੬॥
ਉਠੇ ਅਗਨਿ ਮਾਲਾ ॥ ਕਨੂਕਾ ਸੁਆਲਾ ॥ ਸਟਾਸੱਟ ਸੇਲੰ ॥ ਉਭੈ ਤਰਫ ਪੇਲੰ ॥੭॥
ਚਖਾਚਖ ਭਟਾਨੰ ॥ ਭਈ ਖੀਚ ਜਵਾਨੰ ॥ ਝਮਾਝਮ ਕ੍ਰਿਪਾਨੰ ॥ ਬਰਖਿਤ ਸੁ ਆਨੰ ॥੮॥

Sri Satguru Jagjit Singh Ji eLibrary NamdhariElibrary@gmail.com

ਤਮਕ ਤੇਗ ਬਾਹੈਂ ॥ ਉਭਜ ਜੀਤ ਚਾਹੈਂ ॥ ਮਚੀ ਮਾਰ ਭਾਰੀ ॥ ਦੋਊ ਦਿਸ ਕਰਾਰੀ ॥੯॥
ਰਚਜੋ ਸਮਰ ਐਸੇ ॥ ਪ੍ਰਲਜ ਕੀਨ ਜੈਸੇ ॥ ਹਠੇ ਛਤ੍ਰਧਾਰੀ ॥ ਪਰੀ ਮਾਰ ਭਾਰੀ ॥੧੦॥
ਬਰਖੈ ਸਸਤ੍ਰ ਧਾਰਾ ॥ ਹਥਜਾਰੰ ਅਪਾਰਾ ॥ ਗਦਾ ਗੁਰਜ ਭਾਰੀ ਹਨਤ ਪਰਸਪਾਰੀ ॥੧੧॥
ਮੰਡਜੋ ਤੁਮਲ ਜੁੱਧੰ ॥ ਪ੍ਰਲਜ ਕੀ ਨ ਸੁੱਧੰ ॥ ਜਨਿੰਦ੍ਰ ਸਰਬਲੋਹੰ ॥ ਬੀਰਜਨਾਦ ਕ੍ਰੋਹੰ ॥੧੨॥
ਹਠੇ ਸਸਤ੍ਰਧਾਰੀ ॥ ਦੋਊ ਸਮਰਕਾਰੀ ॥ ਪਰਸਪਰ ਪ੍ਰਹਾਰਤ ॥ ਦੁਹੂੰ ਦਿਸ ਪ੍ਰਚਾਰਤ ॥੧੩॥
ਰਹੋ ਆਜ ਠਾਂਢੇ ॥ ਲਖੋਂ ਕੈਸ ਗਾਢੇ ?॥ ਬਲੰ ਮੋਹ ਦਿਖੱਯੈ ॥ ਨਹੀ ਭਾਜ ਜੱਯੈ ॥੧੪॥
ਰਿਸੇ ਬੀਰ ਦੋਊ ॥ ਸ੍ਵਾਮੀ ਸੇਵਕੋਊ ॥ ਭਈ ਬਾਨ ਬਰਖਾ ॥ ਚਲੀ ਕਾਬਜ ਕੜਖਾ ॥੧੫॥
ਸਮਰ ਸਰਬਲੋਹੰ ॥ ਪ੍ਰਲਜ ਅਸੁਰ ਦ੍ਰੋਹੰ ॥ ਸੁਨਜੋ ਨਾਹਿ ਪੇਖਜੋ ॥ ਕਿਨੂੰ ਨਾਹਿ ਲੇਖਜੋ ॥੧੬॥
॥੧੬॥੫੧੭॥੨੮੩੬॥ ਇਤੀ ਸੋਲਹੇ ॥

ਬਿਸਨੁਪਦ ਮੇਘਰਾਗ ਤ੍ਰ ਬਲਿ ਕਬਿ ਬਾਚ ਅਸ੍ਰਪਦੀਆ ॥
ਮਾਰ ਮਚੀ ਦਿਸ ਦੁਹੁ ਤੇ ਜਬੈ ਬਹੁ ਕਾਲ ਕਰਾਲ ਬਿਰੁੱਧ ਠਠੇ ਜੂ ॥
ਬੀਰ ਬਲੀ ਬਰਜਾਰ ਦੋਊ ਦਿਸ ਆਪਨਿ ਜੀਤਿ ਕਹੁ ਜੋਧ ਹਠੇ ਜੂ ॥
ਚਿਰ ਕਾਲ ਅਯੋਧਨ ਖੇਤ ਜਗਜੋ ਜਲ ਆਸ੍ਰਿਤ ਜੁੱਧ ਜਨਿੰਦ੍ਰ ਮੰਡਜੋ ਜੂ ॥
ਹੋਤ ਭਯੋ ਕਲਿ ਦਾਰੁਨ ਘੋਰ ਸੰਗ੍ਰਾਮ ਪ੍ਰਲਜ ਕਉ ਈਸ ਨਠਜੋ ਜੂ ॥੧॥
ਭਾਗ ਬਡੋ ਬ੍ਰਿਜਨਾਦਹ ਕੋ ਬਿਸ੍ਵਰੂਪ ਸ੍ਵਰੂਪ ਬੈਰਾਟ ਪਿਖਜੋ ਜੂ ॥
ਜਿਹ ਕਾਰਨ ਦੇਵ ਦਿਵੇਸ ਦਿਨੇਸ ਨਿਸੇਸ ਫਨੇਸ ਬਹੁ ਨਜਾਸ ਸਰਖਜੋ ਜੂ ॥
ਮੁਨਿੰਦ੍ਰ ਜੁਗਿੰਦ੍ਰ ਨਰਿੰਦ੍ਰ ਤਪਿੰਦ੍ਰਨ ਸਿਧ ਸਮਾਧਿ ਬਹੁ ਕਾਲ ਪਰਖ ਜੋ ਜੂ ॥
ਨਹਿ ਤਦਜਪਿ ਦਰਸ ਬਿਸ੍ਵਰੂਪ ਸਿਰੋਮਨਿ ਪ੍ਰਤਖ ਸ ਗੋਚਰ ਦ੍ਰਿਸ੍ਰਿ ਦਿਖਜੋ ਜੂ ॥੨॥
ਸੋ ਬਿਸ੍ਵਰੂਪ ਅਨੂਪ ਪਿਖਜੋ ਦ੍ਰਿਸ਼ਜ ਅਗ੍ਰ ਹਕਾਰ ਬਿਰੁੱਧ ਜਜਜੋ ਜੂ ॥
ਬਾਨ ਕ੍ਰਿਪਾਨ ਗਦਾ ਜਮਦਾੜ ਜਜਜੋ ਭਗਵਾਨ ਏ ਪੂਜ ਸਜਜੋ ਜੂ ॥
ਸੁਰ ਪੂਜਤ ਗੰਧ ਸੁਗੰਧ ਜਗਨ ਬਿਧਿ ਹੋਤ੍ਰ ਅਹੂਤਿਨ ਮੰਤ੍ਰ ਜਪਾਹੀ ॥
ਆਰਤੀ ਦੀਪ ਪੰਚਾਂਮ੍ਰਿਤ ਆਦਿਕ ਫੂਲ ਫਲਾਦਿਕ ਪੂਜ ਚੜਾਹੀ ॥੩॥
ਸਾਸਤ੍ਰਾਗਜਾ ਬੇਦੋਕਤਿ ਕਮਾਵਤ ਬੰਦਤ ਧਜਾਨ ਸਮਾਧਿ ਲਗਾਹੀ ॥
ਸਿਵ ਬ੍ਰਹਮ ਸਚੀਪਤਿ ਗੰਧ੍ਰਬ ਜੱਛਨ ਚਾਰਨ ਸਿੱਧ ਹਰਿ ਸੇਵ ਕਰਾਹੀ ॥
ਅਪਸਰ ਦੇਵ ਬਧੂ ਸੁਰ ਮੋਹਨਿ ਪਦਮਾ ਉਮਾ ਗੁਨ ਗਾਨ ਕਰਾਹੀ ॥
ਹੋਇ ਦਾਸਨ ਦਾਸ ਹਰਿ ਸੇਵਤ ਪੂਜਤ ਰੋਮਹਿ ਰੋਮ ਮੁਖ ਰਾਮ ਜਪਾਹੀ ॥੪॥

Sri Satguru Jagjit Singh Ji eLibrary NamdhariElibrary@gmail.com

ਕਰਨ ਜਗਨ ਜਗ ਹਵਿਸ ਰਿਖੀਸੰ ਈਸ ਜਜਤ ਜਗ ਪੁਰਖਹੁੰ ਕੋ ॥
ਬਾਰੰ ਬਾਰ ਜੁਹਾਰ ਨਮਾਮਤਿ ਅੰਜੁਲੀ ਅਸ੍ਟਾਂਗ ਸੁ ਪੁਰਖਹੁੰ ਕੋ ॥
ਹਰਿ ਕਿੰਕਰ ਦਾਸ ਮਨਤ ਨਿਜ ਆਪਨ ਭਜ ਕੰਪਤ ਦੀਨ ਅਧੀਨਨ ਹੋ ॥
ਨਿਤ ਨਉਤਨ ਨਾਮ ਉੱਚਾਰਤ ਹੈਂ ਸਭਿ ਸ੍ਵਾਰਥਿ ਕੈ ਅਤਿ ਦੀਨਨ ਹੋ ॥੫॥
ਨਹਿ ਤਦਜਪਿ ਪਾਨ ਪਰੇ ਹਰਿ ਜੂ ਇਹ ਰੀਤਿ ਦੇਖਹੁ ਭਗਵਾਨਹ ਕੋ ॥
ਬਿਰੁੱਧ ਕੈ ਸਾਜ ਜਜਜੋ ਜਗਨੇਸ੍ਵਰ ਸੁ ਦਰਸ ਪਿਖਜੋ ਰਮਾ ਪ੍ਰਾਨਹ ਕੋ ॥
ਗੁਬਿੰਦ ਕੀ ਰੀਝਿ ਕੋ ਕਉਨਲਖੇ ਕਿਹ ਭਾਂਤਿ ਹਰਿ ਰੀਝਤਿ ਜਾਨਹ ਕੋ ॥
ਤਾਂ ਤੇ ਅਭੇਦ ਸ੍ਰੁਤਿ ਸਾਸਤ੍ਰ ਰਰੈਂ ਗਤਿ ਆਪੁਨਿ ਆਪਹਿ ਜਾਨਹ ਸੋ ॥੬॥
ਤੁਹਿ ਦੇਤ ਹਉਂ ਸੀਖ ਯਾ ਰੇ ਚਿੱਤ ਚੇਤ ਅਚੇਤ ਮਹਾਪਸੁ ਪਾਵਰ ਰੇ ॥
ਰਸ ਇੰਦ੍ਰਿਯਨ ਲੋਭ ਰਹਜੋ ਸਠ ਤੈਂ ਨਿਜ ਮੂਲ ਨ ਚੀਨਸ ਬਾਵਰ ਰੇ ॥
ਜੋਬਨ ਮਦ ਸੰਪਤਿ ਨਾਰੀ ਪ੍ਰਭਤਾ ਉਰਝਿ ਪਰਜੋ ਹਿਜ ਗਾਵਰ ਰੇ ॥
ਅੰਤ ਸਮਜ ਏ ਸੰਗ ਨ ਦੀਹੈਂ ਤੁਹਿ ਦੇਂਹਗਿ ਤਯਾਗ ਸੁਨਿ ਪਾਵਰ ਰੇ ॥੭॥
ਚੇਤ ਰੇ ਚੇਤ ਅਚੇਤ ਅਰੇ ਪਸੁ ਕਛੁ ਨਾਹਿ ਬਿਗਰਜੋ ਜੌ ਚੇਤੇ ਰੇ ॥
ਸਭਿ ਡਾਰ ਦੈ ਸਿਰ ਭਾਰ ਉਤਾਰ ਚਿੱਤ ਲਾਇ ਚਿੰਤਾਮਨਿ ਟੇਰੇਂ ਰੇ ॥
ਸਭਿ ਮੂਰਤਿ ਮੈ ਭਗਵਾਨ ਲਖੈਂ ਸਭਿ ਰੂਪ ਕ੍ਰਿਪਾਨਿਧਿ ਹੇਰੇਂ ਰੇ ॥
ਨਿਸ ਬਾਸੁਰ ਟੇਰ ਪੁਕਾਰਨ ਤੇ ਹਰਿ ਹੋਇ ਦਜਾਲ ਸਵੇਰੇ ਰੇ ॥੮॥੧॥੫੧੮॥੨੮੩੭।

ਬਿਸਨੁਪਦ ਮੇਘ ਅਸ੍ਟਪਦੀ ਤ੍ਰ ਬਲਿ ॥

ਸੁਨੀ ਕੂਕ ਪੁਕਾਰ ਗਜੰਦ ਕੀ ਸਾਵਰੇ ਬੇਗ ਬੈਕੁੰਠ ਤੇ ਆਇ ਉਬਾਰਜੋ ॥
ਗਨਿਕਾ ਸੁਕ ਹੇਤੁ ਹਰਿ ਨਾਮ ਕਹਜੋ ਪਰ ਤਾਹੁ ਕੋ ਲੈ ਬੈਕੁੰਠਨ ਤਾਰਜੋ ॥
ਗਿਧ ਅਜਾਮਲ ਭੀਲਨਿ ਤਾਰਿ ਯੋਂ ਬਰ ਪਾਵਨ ਭੇ ਜਿਨ ਨਾਮ ਉਚਾਰਜੋ ॥
ਤੂੰ ਭੀ ਤਰਹਿ ਸੁਨ ਲੇਹੁ ਮਨਾ ਸ੍ਰੀ ਰਾਮ ਰਮਾਪਤਿ ਨਾਮ ਸੰਭਾਰਜੋ ॥੧॥
ਅਜਹੂੰ ਕਛੁ ਬਿਗਰਜੋ ਨਾਹਿ ਮਨਾ ਇੰਦ੍ਰਿਯੰ ਸਬਲ ਬਲਵੰਤ ਹੈਂ ਰੇ ॥
ਬਾਨੀ ਥਿਰ ਸੁੰਦਰ ਤੇ ਸਾਵਧਾਨ ਮਨ ਚਿਤ ਬੁਧਿ ਸੁਤੰਤ੍ਰ ਹੈ ਰੇ ॥
ਚਾਰ ਅਚਾਰ ਕ੍ਰਿਯਾ ਸਭਿ ਸਾਧਤ ਕਰ ਪਗ ਚਲਤ ਨਿਜ ਮੰਤ ਹੈ ਰੇ ॥
ਪੁਰਜਨ ਪਰਜਨ ਦੇਹ ਆ ਦਰਸਨ ਬੰਧੀ ਨੇਹੁ ਸੁਵਾਵ ਵੰਤ ਹੈਂ ਰੇ ॥੨॥
ਆ ਰਬਲਾ ਬਿਤ ਪਉਰਖ ਜੁਤਿ ਸ੍ਵਾਰਥੀ ਜਨ ਜੀਅ ਜੀਅ ਕਹਾਹੀਂ ॥
ਥਾਂ ਅਨਥਾਂ ਸਭਿ ਝੇਲਤਿ ਹੈਂ ਨਿਜ ਸ੍ਵਾਰਥਿ ਲੌ ਸਭਿ ਨੇਹੁ ਕਰਾਹੀਂ ॥

Sri Satguru Jagjit Singh Ji eLibrary NamdhariElibrary@gmail.com

ਬੰਲ ਕੁਬੋਲ ਸਹਾਰਤ ਤੋਰ ਪੁਨ ਜੋ ਕਛੁ ਦੇਤ ਸੁ ਪਹਿਰਤ ਖਾਹੀਂ ।।
ਏਤੁ ਸੰਯੋਗ ਬਨਜੋ ਹੈ ਤੋਰ ਰੇ ਮੂੜ ਨ ਕਾਹਿ ਭਗਵੰਤ ਭਜਾਹੀਂ ।।੩।।
ਜਬ ਕੰਠ ਰੁਕੇ ਪਿਤ ਬਾਤ ਕਫਾਦਿਕ ਇੰਦ੍ਰਿਯ ਸਿਥਲ ਬਲ ਹੀਨ ਹੋ ਜਾਹੀਂ ।।
ਆਯੁ ਹੂੰ ਆਨ ਇਕ ਸ੍ਵਾਸ ਮਾਤ੍ਰ ਕੰਠ ਮੈ ਆਯ ਕੈ ਪ੍ਰਾਨ ਬਸਾਹੀਂ ।।
ਬਾਨਿ ਬਿਕਲ ਕਰ ਢਰਕ ਪਰੇ ਹੈ ਚਰਨ ਥਕੇ ਇਕ ਪਗ ਨ ਚਲਾਹੀਂ ।।
ਸ੍ਵਾਰਥਿ ਜਨ ਕੌਊ ਬਾਤ ਨ ਪੂਛਤਿ ਧੌ ਮਰ ਹੈ ਕਬਿ ਮਿਲ ਅਕੁਲਾਹੀਂ ।।੪।।
ਬਿੱਤ ਜੇਤੁ ਹੁਤੋ ਸਭਿ ਕਾਬੂ ਸੁ ਕੀਨ ਰੇ ਫੂਟੀ ਹੂੰ ਕੌਡੀ ਅਬ ਦੇਤ ਨ ਤੋਹੀ ।।
ਤ੍ਰਿਖ ਬਿਬਸਿ ਹੈ ਨੀਰ ਜੁ ਮਾਂਗਤੁ ਭਾਖਤਿ ਹੈਂ ਬਰਰਾਤੁ ਹੈ ਵੇ ਹੀ ।।
ਖਾਨ ਕੌ ਜੋ ਕਛੁ ਮਾਂਗਤੁ ਹੈਂ ਤਬ ਬੈਦਨ ਤੇ ਉਪਵਾਸ ਕਰੋਹੀ ।।
ਦਾਨ ਕੌ ਜੋ ਜੀਯ ਚਾਹਤਿ ਹੈ ਪਰਾਧੀਨ ਭਜੋ ਕਛੁ ਦੇਤ ਨ ਛੋਹੀ ।।੫।।
ਭਾਖਤਿ ਹੈਂ ਕਾ ਸੰਪੀ ਹੈ ਥੈਲੀ ਕਛੁ ਸੈਲੀ ਰਖ ਜੋ ਹਮ ਪੈ ਤੁਮ ਆਹੀ ।।
ਪਛੁਤਾਵਤੁ ਹੈ ਮਨ ਮੂੜ ਤਬੈ ਇਹ ਚੇਤਨ ਕੌਡੀ ਕੇ ਕਾਮ ਥੋ ਨਾਹੀ ।।
ਮਾਥ ਧੁਨੈਂ ਬਿਲਲਾਤ ਤਬੈ ਨ ਬਸਾਤ ਕਛੂ ਦ੍ਰਿਗ ਨੀਰ ਬਹਾਹੀ ।।
ਅੰਤ ਸਖਾ ਹਰਿਨਾਮ ਥੋ ਰੇ ਸੋਊ ਮੁਖ ਸੋਂ ਅਬ ਆਵਤ ਨਾਹੀਂ ।।੬।।
ਊਪਰ ਤੇ ਜਮ ਡਾਂਡਤ ਹੈਂ ਧਰ ਝੰਟਨ ਥੋ ਕੌ ਤਾੜ ਕਰਾਹੀਂ ।।
ਦੈ ਫਾਸਨ ਪ੍ਰਾਨ ਲੀਏ ਕਢ ਪ੍ਰੀਯ ਜਮਦੂਤਨ ਸੋਂ ਕਛੁ ਨਾਹਿ ਬਸਾਹੀਂ ।।
ਗੜ ਤੋੜ ਕੈ ਰਾਵ ਗਲ ਸੰਗਲ ਦੈ ਚਲੇ ਲੈ ਕੈ ਜਮਦੂਤ ਸਿਪਾਹੀ ।।
ਸੁੰਦਰਿ ਦੇਹ ਪਰੀ ਅੰਧਯਾਰਿ ਸੀ ਕੌਊ ਨੇੜ ਨ ਆਵਤ ਦੂਰ ਭਜਾਹੀਂ ।।੭।।
ਕਾਹੇ ਕੋ ਰੇ ਮਨ ਬਿਖਜਨ ਕੇ ਸੰਗ ਉਰਝਿ ਰਹਜੋ ਕਛੁ ਹਾਥ ਨ ਐਹੈ ।।
ਕਾਨ ਕੋ ਤਜਾਗ ਕੁਲ ਲਾਜ ਕੌ ਛਾਡ ਭਜੋ ਚਰਨਾਂਬੁਜ ਸ੍ਵਾਰਥ ਹ੍ਵੈ ਹੈ ।।
ਇਹ ਲੋਕ ਸੁਖੀ ਪਰਲੋਕ ਸੁਖੀ ਨਿਜ ਰੂਪ ਸ੍ਵਰੂਪ ਮੈ ਲੀਨ ਹੁਇ ਜੈ ਹੈ ।।
ਗੁਰੁ ਬਾਰੰ ਬਾਰ ਚਿਤਾਵਤ ਹੈਂ ਹਰਿ ਚੇਤ ਲੈ ਚੇਤ ਤੂੰ ਜੀਤਿ ਲੈ ਜੈ ਹੈ ।।੮।।੨।।੫੧੯।।੨੮੩੮।।

ਬਿਸਨੁਪਦ ਮੇਘ ਰਾਗ ਅਸ੍ਟਪਦੀ ਅਥ ਕਥਾ ਪ੍ਰਸੰਗ ਤ੍ਰਿਬਲਿ ।।

ਚਿਰਕਾਲ ਲੌ ਜੁੱਧ ਮੰਡਜੋ ਹਰਿ ਜੀ ਕਲਪਾਂਤ ਪ੍ਰਯੰਤ ਸਜ ਜੋ ਬਹੁ ਜੁੱਧੰ ।।
ਮਾਨਵ ਦੇਵ ਦੇਵੇਸ ਨਰੇਸੁਰ ਆਦਿ ਸਭੀ ਮਿਲ ਹਾਰ ਬਿਰੁੱਧੰ ।।
ਬਡ ਪੌਰਖ ਹੀਯ ਨਿਸਾਚਰ ਕਉ ਦੁਰਜੋ ਸਭਿ ਸ੍ਰਿ ਸ੍ਰਿ ਬੈਰਾਟ ਕੇ ਮੱਧੰ ।।
ਲੀਨ ਕਰੀ ਪਰਜਾ ਸਭ ਹੀ ਨਿਜ ਮਾਹਿ ਦਯਾਨਿਧਿ ਮੇਲਿ ਯੋ ਸੁੱਧੰ ।।੧।।

Sri Satguru Jagjit Singh Ji eLibrary NamdhariElibrary@gmail.com
Digitized by Punjab Digital Library | www.punjabdigilib.org

ਪ੍ਰਲਜ ਉਪਰਾਜ ਮੰਡਜੋ ਹਵ ਦਾਰੁਨ ਬਹੁ ਕਾਲ ਨਿਸਾਚਰ ਸੰਗ ਰੁਝੇ ॥
ਗੁਰਜ ਗੋਲਨ ਮਾਰ ਪਰੀ ਹੱਥਨਾਲਨ ਸਰ ਪੁੰਜ ਅਜੋਧਨ ਬੀਰ ਬੁਝੇ ॥
ਕ੍ਰਿਪਾਨ ਕਟਾਰ ਗਦਾ ਪਰਸਾ ਜਮਦਾੜ ਕਰਵਾਰਨ ਸੰਗੁ ਲਝੇ ॥
ਸਾਰ ਘਟਾ ਉਮਡੀ ਦੁਹੁੰ ਓਰ ਬਰਖਾ ਭਈ ਲੋਹਨ ਬੂੰਦ ਲੁਝੇ ॥੨॥

ਕੌਤਕ ਖੂਬ ਕਰਜੋ ਭਗਵਾਨ ਲੀਲਾ ਨਿਜ ਪੇਖਤਿ ਦੇਵ ਹਰੀ ॥
ਬਾਲ ਬਿਹਾਰ ਹਰਿ ਖੇਲ ਖਿਡੇ ਇਹ ਚੋਜ ਰਮਾਪਤਿ ਬਜੋਤ ਕਰੀ ॥
ਸੰਗ ਦੈਂਤ ਬਿਹਾਰਤ ਕ੍ਰੀੜਤਿ ਹੈ ਜਗਦੀਸ ਕੀ ਰੀਤਿ ਨ ਜਾਤਿ ਕਹੀ ॥
ਫੁਨ ਰੀਝਿ ਐਸੀ ਅਬ ਆਨ ਪਰੀ ਰਚਨਾ ਜਗ ਕੀ ਅਬ ਹੋਤਿ ਸਹੀ ॥੩॥

ਜੀਜ ਮਾਹਿ ਨਿਸਾਚਰ ਚਿੰਤ ਕਰੀ ਬਹੁਕਾਲ ਲਰਜੋ ਹਰਿ ਸੰਘਰ ਮੋ ॥
ਅਪਰਾਧ ਘਨੇ ਬਹੁ ਚੂਕ ਕਰਜੋ ਸਜ ਬੈਰ ਬਿਰੋਧ ਰਚਿ ਰੀਤਿ ਤਮੋ ॥
ਸੁਰ ਅੰਗ ਭਗਵਾਨ ਕੋ ਬੇਦ ਰਰੈਂ ਦੁਹਿਤਾ ਤਿਨ ਕੀ ਲੈ ਨਾਰਿ ਰਮੋ ॥
ਉਰ ਮਾਰ ਕਟਾਰਨ ਕੈ ਸੁ ਮਰੀ ਕਰ ਜੋਰ ਜਨਿੰਦ੍ ਪੈ ਭੂਲ ਛਮੋ ॥੪॥

ਸਭਿ ਦੇਵ ਦੇਵਾਧਿਪ ਸ੍ਰਿਸ੍ਟਿ ਚਰਾਚਰ ਹਰਿ ਫੇਰ ਕਰੈਂ ਰਚਨਾ ਸਭ ਹੀ ॥
ਭੂਲ ਬਖਸਾਇ ਸਭੀ ਸੁਰ ਸੋਂ ਹਰਿ ਹਾਥ ਮਰੂੰ ਹੋਇ ਮੋਖ ਤਬ ਹੀ ॥
ਪਾਇ ਪ੍ਰਭੁਤਾ ਚਿਤ ਗਰਬ ਬਢਜੋ ਸਮ ਆਪ ਨ ਆਨ ਧਰਹੂੰ ਕਬਹੀ ॥
ਘਰ ਰੀਤਿ ਨਿਸਾਚਰ ਕੇ ਜੁ ਹੁਤੀ ਸੁ ਕਰਜੋ ਮਨ ਭਾਵਤਿ ਮੂੰ ਸਬ ਹੀ ॥੫॥

ਸਰਜੋ ਸੁਭ ਕਾਜ ਨ ਯਾ ਬਪੁ ਤੇ ਕੋਊ ਜੱਗਨ ਹੋਤ੍ ਦੇਵਨ ਪੂਜਾ ॥
ਅਸਨਾਨ ਨ ਦਾਨ ਨ ਦਯਾ ਬ੍ਰਤ ਸੰਜਮ ਸੀਲ ਨ ਨੇਮ ਧਰਜੋ ਮਤਿ ਦੂਜਾ ॥
ਗੁਨ ਬਾਝ ਹੀ ਗੀਤ ਗੋਬਿੰਦ ਕਥਾ ਸ੍ਰੁਤਿ ਵਾਕ ਮਹਾਂਬਚ ਸ੍ਰਵਨਨ ਕੀਜਾ ॥
ਸਾਧੁ ਸਮਾਜਨ ਸੰਤ ਸਭਾ ਕਰਜੋ ਨਹਿ ਗਉਨ ਤਹਾਂ ਮਨ ਰੀਝਾ ॥੬॥

ਬਾਸ ਕਰਜੋ ਬਿਖਜਾਨ ਮਹਿ ਬੈਸ ਕੈ ਐਸਹਿ ਐਸ ਸੁ ਬੈਸ ਬਿਤਾਜੋ ॥
ਹਿੰਸਾ ਕ੍ਰੋਧ ਮਦ ਮਾਂਸ ਗ੍ਰਾਹਕ ਰਸ ਕਾਮਨਿ ਕੇਲ ਕਲੋਲ ਮਚਾਯੋ ॥
ਥਾਉਂ ਕੁਥਾਉਂ ਨ ਸੂਝ ਪਰਜੋ ਕਛੁ ਬੁਰੋ ਭਲੋ ਨਹਿ ਚਿੱਤ ਬਸਾਜੋ ॥
ਪ੍ਰਭੁਤਾ ਤੈ ਲੋਕ ਪਾਇ ਭਜੋ ਮਦਾਂਧ ਆਪਹਿ ਕੋ ਜਗਦੀਸ ਕਹਾਯੋ ॥੭॥

ਭੂਲ ਗਜੋ ਕਰਤਾਰਹੁੰ ਕੋ ਜਗ ਜਾ ਕੀ ਕਲਾ ਸਭਿ ਠੌਰ ਬਿਰਾਜੈ ॥
ਪਾਵਕ ਮੈ ਜਲ ਮੈ ਥਲ ਮੈ ਰਵਿ ਮੈ ਸਸਿ ਮੈ ਘਟ ਅੰਤਰ ਛਾਜੈ ॥

Sri Satguru Jagjit Singh Ji eLibrary NamdhariElibrary@gmail.com

ਗਿਰ ਮੈ ਤਰੁ ਮੈ ਭੂਅ ਮੈ ਨਭ ਮੈ ਸਭਿ ਕੀਟ ਪਤੰਗ ਚਰਾਚਰ ਰਾਜੈ ॥
ਤਾਹਿ ਕੋ ਭੂਲ ਗਯੋ ਮਨ ਮੂੜ ਅਰੇ ਪਸੁ ਢੋਰ ਨ ਆਵਤ ਲਾਜੈ ॥੮॥੩॥੫੨੦॥੨੯੩੯॥

ਬਿਸਨੁਪਦ ਮੇਘ ਰਾਗ ਅਸ੍ਟੁਪਦੀ ॥

ਬਾਰੰ ਬਾਰ ਧਿਕਾਰ ਮਨਹਿ ਮਨ ਝੂਰਤਿ ਹੈ ਬਲ ਓਜ ਘਟਯੋ ॥
ਤ੍ਰੈ ਦੇਖਤਿ ਰਾਜ ਸਮਾਜ ਤ੍ਰੈ ਲੋਅ ਕਾ ਪੁਤ੍ਰ ਕਲਿਤ੍ਰ ਧਨ ਧਾਮ ਘੁਟਯੋ ॥
ਦਿਨ ਚਾਰ ਕੇ ਹੈਂ ਸੁਖ ਸਾਜ ਸਭੀ ਹੜ ਨੀਰ ਪ੍ਰਾਯ ਚਲ ਜਾਤ ਹਟਯੋ ॥
ਜਿਨ ਕੇ ਸੁਖ ਹੇਤੁ ਕਰੇ ਅਘ ਕੋਟ ਤੈਂ ਜਿਯਤਿ ਹੀਂ ਤੁਝਤੇ ਵੈ ਛੁਟਯੋ ॥੧॥
ਲੱਖ ਪੁਤ੍ਰ ਸਭੀ ਪਰਿਵਾਰ ਸੁਹਿਰਦਨ ਸੈਨ ਸੈਨਾਧਿਪ ਮੰਤ੍ਰਿ ਤਨੈ ॥
ਅਰਬਨ ਖਰਬ ਪ੍ਰਤਨਾ ਦਲ ਬਜੂਹਨ ਸੈਨ ਸੰਬੂਹ ਗਨੈ ਕੋ ਤਿਨੈ ॥
ਗਜ ਬਾਜ ਸਯੰਦਨ ਸਾਰਥਿ ਊਸ੍ਟ੍ਰ ਨਾਨਾ ਪਸੂ ਨਹਿ ਜਾਤ ਗਨੈ ॥
ਬਿਵਾਨ ਸਮਾਜ ਬਜੋਮਨ ਕੈ ਮਣਿ ਮਾਨਿਕ ਕੰਚਨ ਦਰਬ ਘਨੈ ॥੨॥
ਤ੍ਰੈ ਲੋਅ ਰਾਜ ਸਮਾਜ ਸਭੀ ਮੁਖ ਕੰਜ ਅਲੀ ਸੁਰ ਭਾਮਨੀਆਂ ॥
ਨਗਜਾ ਤਰੁਜਾ ਅਹਿਜਾ ਜਲਜਾ ਨਨ ਜਾ ਮੁਖ ਇੰਦੁ ਨਭ ਗਾਮਨੀਆਂ ॥
ਜੋ ਛਬਿ ਸੋਂ ਸੁਰ ਮੋਹਨਿ ਰਾਗਨਿ ਕੰਜ ਕਲੀ ਘਨ ਕੁਚਨੀਆਂ ॥
ਬਿਦ੍ਯਾਧਰਿ ਜਲਧਰਿ ਪਰਿ ਨਾਗਨਿ ਚਿਤ੍ਰਨਿ ਪਦਮਨਿ ਅਪਸਰੀਆਂ ॥੩॥
ਦੀਪਨ ਦੀਪ ਤ੍ਰਿਯਾਗ੍ਰਹ ਕੀਨ ਮੈਂ ਕਾਮ ਕਲਾ ਸਸਿ ਅੰਗਨੀਆਂ ॥
ਬਪੁ ਕੋਮਲ ਕੰਜ ਪ੍ਰਭਾ ਮ੍ਰਿਗ ਨੈਨਨਿ ਬਾਵਨ ਬਾਸ ਤੇ ਰੰਗਨੀਆਂ ॥
ਕੋਕਿਲ ਕੰਠ ਸੁ ਗ੍ਰੀਵ ਕਲਾਨਿਧ ਕਾਮ ਕਲੇਵਰ ਕਾਮਨੀਆਂ ॥
ਮੋਹਨੀਆਂ ਸੁਖਮਣੀ ਬਰੰਗਨਿ ਦੈਤ ਬਧੂ ਗਜਗਾਮਨੀਆਂ ॥੪॥
ਵੈ ਸਾਜ ਸਮਾਜ ਗਜੋ ਧੌ ਕਹਾਂ ਪੁਰ ਗੰਧ੍ਰਬ ਪ੍ਰਾਯ ਸੁ ਖੀਨ ਭਜੋ ॥
ਉਰ ਗਰਬ ਬਡੋ ਧਨ ਭੂਮਿ ਕੋ ਥੋ ਬਲ ਬੀਰਨ ਕੋ ਸਭਿ ਛੀਨ ਭਜੋ ॥
ਪ੍ਰਭੁਤਾ ਮਦ ਜੋਬਨ ਓਜ ਗਜੋ ਸਬ ਬਾਤਨ ਤੇ ਅਤਿ ਦੀਨ ਭਜੋ ॥
ਕਾਲ ਕੋ ਕਾਲ ਨ ਜਾਨਤ ਥੋ ਸੋਈ ਕਾਲ ਕੇ ਹਾਥ ਅਧੀਨ ਭਜੋ ॥੫॥
ਪੰਛੀ ਪੱਛ ਹੀਨ ਨ ਸੋਭਿਤ ਹੈ ਅਰੁ ਬਾਰਿ ਬਿਹੂਨ ਸਰੋਵਰ ਜੈਸੇ ॥
ਮਛਲੀ ਬਿਨ ਨੀਰ ਨ ਜੀਵਤਿ ਹੈ ਮੋਰੀ ਦਸਾ ਸੋਈ ਦਿਖਤਿ ਬਨੈਸੇ ॥
ਦੇਹ ਅਨਿੱਤ ਕੋ ਮਾਨ ਕਹਾ ਅਭਿਮਾਨ ਬ੍ਰਿਥਾ ਕਰਨੋ ਫੁਨ ਤੈਸੇ ॥
ਪ੍ਰਲਜ ਭਜੋ ਜਗ ਦੇਖਤਿ ਹੀ ਸਭਿ ਝੂਠ ਸਮਾਨ ਗੁਮਾਨ ਜੁ ਹੈਸੇ ॥੬॥

Sri Satguru Jagjit Singh Ji eLibrary NamdhariElibrary@gmail.com

ਅਭਿਮਾਨ ਬ੍ਰਿਥਾ ਮਿਥਜਾ ਜਗ ਜੀਵਨ ਓੜਕ ਕਾਲ ਨਿਦਾਨ ਜੁ ਹੈ ਸੋ ॥
ਖਾਤ ਤ੍ਰਿਲੋਕਿ ਨ ਬਾਰ ਲਗੈ ਜਿਸ ਹੈ ਨਿਰਦਈ ਵਿਕਰਾਲ ਜੁ ਹੈ ਸੋ ॥
ਜੀਅ ਅਹਾਰ ਕਲ ਕਰਮਸਦਾ ਨ ਅਘਾਤ ਕਬੈ ਜਮ ਬਜਾਲ ਜੁ ਹੈ ਸੋ ॥
ਐਸੋ ਨ ਹੈ ਜਗ ਤਾਸੋਂ ਬਲੀ ਇਕ ਕਾਲ ਬਿਹੀਨ ਅਕਾਲ ਜੁ ਹੈ ਸੋ ॥੭॥
ਦੇਹ ਅਨਿੱਤ ਨ ਰਹਿਗੁ ਸਦਾ ਨਿਸਚੈ ਕਰ ਕਾਲ ਕੇ ਮ੍ਰਿਤੁ ਬਦੋ ਹੈ ॥
ਪਾਪ ਸੰਬੂਹ ਕੋ ਦੇਹ ਨਿਸਾਚਰੀ ਅਕਾਜ ਸਭੀ ਬਿਧ ਕਾਜ ਨ ਕੋ ਹੈ ॥
ਮਲ ਮੂਤ੍ਰ ਮਲਾਜ ਅਧੋਗਤਿ ਕੋ ਛਿਨ ਭੰਗ ਅਨਿੱਤ ਅਘ ਓਘ ਭਰਜੋ ਹੈ ॥
ਤਾਂ ਤੇ ਨ ਕਿਉਂ ਭਗਵਾਨ ਕੇ ਹਾਥ ਮਰੋ ਸੁਭ ਔਸਰ ਦਾਵ ਭਲੋ ਹੈ ॥
॥੮॥੪॥੫੨੧॥੨੬੪੦॥

ਬਿਸਨੁਪਦ ਮੇਘਰਾਗ ਅਸ੍ਟਪਦੀ ॥

ਦੇਹ ਅਨਿੱਤ ਹੈ ਕਾਲ ਕੋ ਭੱਛ ਜੋ ਹੈ ਜਗ ਮਾਹਿ ਸਭੀ ਭੱਛ ਜੈ ਹੈ ॥
ਦੇਵ ਅਦੇਵ ਨਰ ਨਾਰਿ ਨਰਾਧਿਪ ਪੱਛ ਪਸੂ ਸਭਿ ਕਾਲ ਚਬੈ ਹੈ ॥
ਯੋਗਿ ਜਤੀ ਤਪਸੀ ਅਵਤਾਰਨ ਸੁਰ ਬ੍ਰਿੰਦ ਚਰਾਚਰ ਰਹਿਨੁ ਨ ਪੈ ਹੈ ॥
ਐਸੁ ਨ ਕੋ ਜਗ ਦੇਖਤਿ ਹੌਂ ਜੁਉ ਕਾਲ ਕ੍ਰਿਪਾਨ ਕੋ ਘਾਵ ਬਚੈ ਹੈ ॥੧॥

ਬੀਰਜਨਾਦ ਬਾਚ ਮਨ ਸੋਂ ॥

ਕਾ ਭਜੋ ਜੌ ਤ੍ਰਿਲੋਕਿ ਜਿਨਜੋ ਮਨ ਜੀਤਜੋ ਨਾਹਿ ਤੁ ਜੀਤਜੋ ਕਾ ਰੇ ॥
ਹੈਂ ਜੁਗ ਬੀਰ ਅਜੀਤ ਬਡੇ ਇਕ ਕਾਲ ਦੁਤਿ ਜ ਮਨ ਸੂਰ ਕਰਾਰੇ ॥
ਕੋਉ ਨ ਜੀਤਿ ਸਕਜੋ ਇਨ ਕੋ ਨਰ ਦੇਵ ਅਦੇਵ ਸਭੀ ਪਚਹਾਰੇ
ਜੀਤਿ ਲੀਯੋ ਜਗ ਜੰਤੁ ਚਰਾਚਰ ਏ ਦੋਉ ਬੀਰ ਅਜੀਤਿ ਅਖਾਰੇ ॥ ॥੨॥
ਕਰਜੋ ਜਗ ਜ਼ੇਰ ਅਧੀਨ ਬਸਾਪੁਨਿ ਲੋਭ ਕੇ ਫਾਸ ਸੋ ਫਾਹਜੋ ਸਾਰੇ ॥
ਅਧੀਰ ਬਡੋ ਇਸ ਤੋਖ ਨ ਨੈਕ ਤ੍ਰਿਪਤਾਵਤਿ ਨਾਹਿ ਕਿਸੀ ਬਿਧਿ ਸਾਰੇ ॥
ਚੰਚਲ ਚਿੱਤ ਕਠੋਰ ਬਡੋ ਭ੍ਰਮਾਵਤ ਹੈ ਤਿਰ ਲੋਕ ਸੰਸਾਰੇ ॥
ਕਾਂਛਾ ਸਦਾ ਫੁਰਤੀ ਨਿਸਦਿਨ ਚਿਤ ਬਾਂਛਾ ਸੁਮੇਰੁ ਨ ਜਾਤਿ ਨਿਵਾਰੇ ॥੩॥
ਲੋਕ ਅਲੋਕ ਕੀ ਪਾਇ ਪ੍ਰਭਾ ਮਨ ਚਾਹਤ ਅਵਰਹ ਅਵਰ ਬਨਜੋ ਹੈ ॥
ਸੇਸ ਕੋ ਰਾਜ ਸੁਰੇਸ ਕੋ ਰਾਜ ਜਲੇਸ ਕੋ ਰਾਜ ਸੋਂ ਚਾਹ ਘਨਜੋ ਹੈ ॥
ਤਾਹੁ ਕੋ ਪਾਇ ਨ ਤੋਖਿਤ ਹੈ ਤ੍ਰਿਸਨਾ ਸੁ ਅਘਾਤਿ ਨ ਕਾਹੁ ਸੁਨਜੋ ਹੈ ॥
ਤਪ ਟਾਰ ਤਪੋਂਦ੍ਰਨ ਜੋਗ ਟਰਜੋ ਭਟਕਾਇ ਸਭੀ ਤ੍ਰਈਲੋਕ ਜਿਨਜੋ ਹੈ ॥੪॥

Sri Satguru Jagjit Singh Ji eLibrary NamdhariElibrary@gmail.com

ਲੰਭਿ ਬਡੋ ਸਠ-ਮੂੜ ਬਡੋ ਜੜ ਪਾਹਨ ਤੁੱਲ ਅਘਾਤ ਨ ਕੈਸੇ ॥
ਕਠੋਰ ਬਡੋ ਮਨ ਕੂੜ ਬਡੋ ਨਿਜ ਹੂੜ ਇੰਦ੍ਰਿਜ ਬਸਿ ਨਾਚਤਿ ਐਸੇ ॥
ਜੰਤਿ ਬਿਬੱਸਿ ਜਿਮੰ ਪੁਤਲੀ ਕਪਿ ਨਾਚਤਿ ਹੈ ਮਨ ਪਾਵਰ ਜੈਸੇ ॥
ਲੋਭ ਕੇ ਜਾਲ ਮੇ ਉਰਝਿ ਪਰਜੋ ਸਭਿ ਜੀਯ ਜਗਤ੍ਰ ਕੈ ਫਾਥ ਜੋ ਤੈਸੇ ॥੫॥
ਤਾਂ ਤੇ ਤਿਸੇ ਕਰ ਬਾਸਨ ਹੀਨ ਨ੍ਰਿਬਾਸਨ ਕੈ ਤਿਸ ਮਾਰ ਨਿਵਾਰੋ ॥
ਸਾਜ ਸਮਾਜ ਸਮੇਤ ਇੰਦ੍ਰਿਯਨ ਮਾਨ ਉਤਾਰ ਮਨੌਤਹ ਟਾਰੋ ॥
ਤਾਹਿ ਸੰਘਾਰ ਪੁਨਾਪੁਨਿ ਹੂੰ ਜਗਦੀਸ ਸਰਨਾਗਤਿ ਪ੍ਰਾਨ ਉਬਾਰੋ ॥
ਰਹਿ ਨ ਕਛੂ ਫਿਰ ਚਿਤ ਕੀ ਬਾਸਨ ਹ੍ਵੈ ਅਸੰਗ ਨ੍ਰਿਸੰਕ ਪਧਾਰੋ ॥੬॥
ਮਨ ਬਾਝ ਮਰਜੋ ਨ ਕਬੈ ਭਵ ਮੋਖ ਸੁ ਬਾਰੰਬਾਰ ਜਠਰਾਗਨਿ ਤਾਵੈ ॥
ਲੋਭ ਕੇ ਕੀਚ ਮੈ ਫਾਂਧ ਪਰਜੋ ਚਿੱਤ ਬਾਸਨਾ ਹੀ ਭਵ ਖਾਤ ਮੈ ਪਾਵੈ ॥
ਤਾਂ ਤੇ ਨ੍ਰਿਵਿਰਤਿ ਮਨ ਇੰਦ੍ਰਿਜਨ ਕੀ ਉਨਮਾਦ ਪ੍ਰਜਾਰ ਇਕਾਗ੍ਰ ਲਾਵੈ ॥
ਮਨ ਮਾਰੈ ਭਲੇ ਪੁਨ ਆਪ ਮਰੈ ਮਨ ਜਾਰ ਕੈ ਭੂਤ ਮੈ ਜਾਇ ਸਮਾਵੈ ॥੭॥
ਸੁਖ ਸਾਗਰ ਬਿਸ੍ਵ ਬੈਰਾਟ ਸ੍ਵਰੂਪ ਮੈ ਤਜਾਗ ਸਰੀਰ ਕੋ ਸੁੰਨ ਸਮਾਵੈ ॥
ਬਾਰਿ ਮੇ ਬਾਰਿ ਨਦੀ ਜਲਰਾਸਿ ਸਮਾਇ ਕੈ ਫੇਰ ਨ ਆਪ ਲਖਾਵੈ ॥
ਆਤਮ ਸਿੰਧੁ ਮੈ ਬ੍ਰਹਮ ਪ੍ਰਵਾਹ ਹੁਇ ਜੀਵ ਸਮਾਗਮ ਸੰਗਮ ਨਾਵੈ ॥
ਤਾਂ ਤੇ ਨ ਫੇਰ ਪਰਮਾਤਮ ਤੇ ਜਠਰਾਗਨਿ ਬਾਸ ਕੇ ਜੀਵ ਕਹਾਵੈ ॥੮॥੫॥੫੨੨॥੨੮੪੧॥

ਬਿਸਨੁਪਦ ਮੇਘ ਰਾਗ ਅਸ੍ਟਪਦੀ ॥

ਤਾਂ ਤੇ ਉਪਾਇ ਕਰੋਂ ਅਬ ਯਾਹਿ ਸੁ ਜਾਂ ਤੇ ਨ੍ਰਿਵਿਰਤਿ ਮਨ ਬ੍ਰਿਤਿ ਹੀ ਹੋਵੈ ॥
ਦੇਹ ਭਿਮਾਨੁ ਗੁਮਾਨੁ ਟਰੇ ਮਦ ਈਰਖਾ ਲਾਜ ਸਭੀ ਬਿਧਿ ਖੋਵੈ ॥
ਇੰਦ੍ਰਿਯਨ ਰੋਕ ਫੁਰਨ ਮਨ ਰੋਕ ਇਕਾਗਰ ਕੈ ਚਿੱਤ ਚਾਹ ਨ ਹੋਵੈ ॥
ਤ੍ਰਿਗੁਨਾਤੀਤਿ ਨ੍ਰਿਬਾਨ ਅਚਾਹ ਜਬੈ ਮਨ ਬੁਧਿ ਕੀ ਬਾਸਨਾ ਖੋਵੈ ॥੧॥
ਐਸੋ ਨ ਕੋਊ ਸੰਸਾਰ ਬਿਖੈ ਨਿਜ ਬੈਸ ਮੈ ਦੇਖਜੋ ਬਾਸਨਾ ਤਜਾਗੀ ॥
ਦੇਵ ਅਦੇਵਨ ਗੰਧ੍ਰਬ ਜੱਛਨ ਸਿੱਧ ਮੁਨਿੰਦ੍ਰ ਸਭੀ ਅਨੁਰਾਗੀ ॥
ਕੀਟ ਪਤੰਗ ਚਰਾਚਰ ਜੰਤਨ ਬਾਸਨਾ ਲੀਨ ਅਧੀਨ ਅਭਾਗੀ ॥
ਜਾ ਪਰ ਕ੍ਰਿਪਾ ਕਰੇ ਜਗਦੀਸ੍ਵਰ ਹੋਇ ਅਤੀਤਿ ਬਿਖੈ ਬੈਰਾਗੀ ॥੨॥
ਜੌ ਲੌ ਮਨ ਅਹੰ ਫੁਰੈ ਜੁਤ ਬਾਸਨ ਤੌ ਲੌ ਕੁਸਲ ਇਸੇ ਨਹਿ ਐਸੇ ॥
ਹੋਤ ਪ੍ਰਬਲ ਨਿਤਾਪ੍ਰਤਿ ਬਾਸਨ ਬੁੱਧਿਹੂੰ ਪੈ੍ਰਰਤਿ ਇੰਦ੍ਰਿਯਨ ਤੈਸੇ ॥

Sri Satguru Jagjit Singh Ji eLibrary NamdhariElibrary@gmail.com

ਏਤੇ ਸਮਾਜ ਅਕਾਜ ਕੇ ਕਾਰਕ ਦੇਤ ਬਿਗਾੜ ਸੁਭ ਕਾਜ ਜਿ ਹੈ ਸੇ ॥
ਤਸਕਰ ਪੰਚ ਅਸਾਧ ਸੰਗ ਯਾ ਕੇ ਲੂਟਤਿ ਸਾਰ ਪਦਾਰਥ ਲੈ ਸੇ ॥੩॥
ਸੋਗ ਸਦਾ ਦੁਖ ਰੂਪ ਬਿਖੈ ਸੁਖ ਅਲਪ ਅਨਿੱਤ ਬ੍ਰਿਖ ਛਾਵ ਸਮਾਨਾ ॥
ਪ੍ਰਾਪਤਿ ਹਰਖ ਅਭਿਮਾਨ ਬਡੋ ਚਿਤ ਆਪ ਸਮਾਨ ਨ ਦੂਸਰ ਜਾਨਾ ॥
ਕਾਲ ਅਧੀਨ ਸਭੀ ਸ੍ਰੀ ਸੰਪਤਿ ਖੀਨ ਜਬੈ ਦੁਖ ਮਾਨਤ ਨਾਨਾ ॥
ਔਰ ਕੀ ਬਾਤ ਕਹਾ ਕਹੀਯੈ ਸੰਗ ਮੋਹਿ ਬਿਤੀ ਮਮ ਜੀਵ ਹੀ ਜਾਨਾ ॥੪॥
ਭਲਾ ਭਜੋ ਮਮ ਅਗ੍ਰ ਸਭੀ ਸੁਖ ਪੁਤ੍ਰ ਕਲਿਤ੍ਰ ਹਿਤੂ ਭਜੋ ਹਾਨਾ ॥
ਸੈਨ ਸਖਾ ਸਮਪਦਾ ਹੂੰ ਸਭੈ ਸੁਖ ਰਾਜ ਸਮਾਜ ਤ੍ਰੈਲੋਕ ਨਸਾਨਾ ॥
ਏ ਸਭਿ ਖੇਦ ਕੇ ਮੂਲ ਸਭੀ ਬਿਧਿ ਜੋਤਿਕ ਹੈਂ ਦੁਖਦਾ ਇਸ ਮਾਨਾ ॥
ਦੇਤ ਫਹਾਇ ਇਸੇ ਸਭ ਹੀ ਮਿਲ ਅੰਤ ਸਮਜ ਸਭਿ ਛੋਡ ਪਰਾਨਾ ॥੫॥
ਲੇਖਾ ਦੇਨੁ ਰਹਜੋ ਸਿਰ ਯਾਹਿ ਕੇ ਏਕਲੋ ਅੰਤ ਸਮੈ ਉਠ ਜਾਨਾ ॥
ਤਾਂਹਿ ਤੇ ਨੇਹੁ ਕਰੋ ਨ ਬ੍ਰਿਥਾ ਅਰੁ ਨੇਹੁ ਇਨਹੂੰ ਕਰ ਤੁੱਛ ਪਛਾਨਾ ॥
ਧਾਰਤਿ ਹੈ ਜਬ ਦੇਹ ਜਗਤ੍ਰ ਮੈ ਨਾਂਗੋ ਹੀ ਆ ਕਿਛੁ ਸੰਗੁ ਨ ਆਨਾ ॥
ਜਾਤ ਜਬੈ ਪਰਲੋਕ ਬਿਖੈ ਕਛੁ ਲੇਤ ਨ ਸਾਥ ਅਕੇਲੋ ਈ ਜਾਨਾ ॥੬॥
ਕ੍ਰਿਪਾ ਕਰੀ ਜਗਦੀਸ ਹਮ ਉਪਰ ਤਜਾਗ ਗਏ ਸਭਿ ਆਪ ਬਿਗਾਨਾ ॥
ਰਹਜੋ ਅਬ ਏਕਲ ਦੇਹ ਅਨਿੱਤਕ ਸੋਊ ਭਿ ਹੋਤਿ ਜਰ ਛਾਰ ਮਸਾਨਾ ॥
ਹੈ ਅਭਿਲਾਖ ਬਡੋ ਉਰ ਅੰਤਰ ਪਹਿਲੇ ਮਨ ਆਦਿ ਕਰੈਂ ਜੁ ਪਜਾਨਾ ॥
ਦੇਹ ਭਿਮਾਨ ਰੁ ਬਾਸਨ ਈਰਖ ਤ੍ਰਿਸਨਾ ਨ੍ਰਿਵਿਰਤਿ ਕਲਿ ਕਾਲ ਸਮਾਨਾ ॥੭॥
ਹੈਂ ਬਿਦਮਾਨ ਸਭੀ ਇਹ ਫਾਹਕ ਰੋਮ ਰੋਮ ਹਰਿ ਚਾਹ ਸਮਾਨਾ ॥
ਮਨ ਬੁਧਿ ਚਿਤ ਅਹੰਕਾਰ ਪ੍ਰਬਲ ਏ ਛਿਨ ਛਿਨ ਫੁਰੈਂ ਚਿਤ ਬਾਸਨ ਨਾਨਾ ॥
ਤਾਂ ਤੇ ਇਨ੍ਹੈ ਨ੍ਰਿਵਿਰਤਿ ਕਰੋਂ ਅਬ ਜੈਸਿ ਬਨੈ ਬਿਧਿ ਤੈਸਿ ਈ ਹਾਨਾ ॥
ਜੌ ਲੌ ਏ ਜੀਜਹੈਂ ਜੀਯ ਸੰਗਮ ਤੌ ਲੌ ਕੁਸਲ ਨ ਕਬਹੂੰ ਜਾਨਾ ॥੮॥੬॥੫੨੩॥੨੮੪੨॥

ਬਿਸਨੁਪਦ ਮੇਘ ਰਾਗ ਜਤ-ਬ੍ਰਿਜਈ ਅਸ੍ਟਪਦੀ ਬੀਰਜਨਾਦ ਬਾਚ ॥

ਮੋਰੀ ਇਹੈ ਹਰਿ ਸੋਂ ਬਿਨਤੀ ਪ੍ਰਭੁ ਹੋਇ ਦਜਾਲ ਕ੍ਰਿਪਾ ਯਹਿ ਕੀਜੈ ॥
ਜਾ ਤੇ ਨ੍ਰਿਵਿਰਤਿ ਮਨ ਬ੍ਰਿਤਿ ਇੰਦ੍ਰਿਯ ਜੁਤ ਹੋਇ ਦਜਾਨਿਧਿ ਬਾਸਨ ਛੀਜੈ ॥
ਹੈ ਦੁਖ ਦੀਹ ਬਪੁ ਧਾਰਨ ਤਜਾਗਨ ਬਾਰੰਬਾਰ ਜਠਰਾਗਨਿ ਭੀਜੈ ॥
ਬਾਸਨਾ ਈ ਦੁਖ ਮੂਲ ਪਰਮਪ੍ਰਾਯ ਦੇਤਿ ਹੈ ਜਨਮ ਜਿਤੇ ਜਗ ਜੀਜੈ ॥੧॥

Sri Satguru Jagjit Singh Ji eLibrary NamdhariElibrary@gmail.com

ਜਾਂ ਤੇ ਉਧਾਰ ਯਾ ਦੇਹ ਨਿਸਾਚਰੀ ਹੋਇ ਕ੍ਰਿਪਾ ਸਿੰਧੁ ਸੋ ਅਬ ਕੀਜੈ ॥
ਬੇਗ ਨਿਸਤਾਰ ਯਾ ਆਸੁਰੀ ਜੂਨਿ ਤੇ ਹੋਇ ਕ੍ਰਿਤਾਰਥਿ ਸਾਂਤਿ ਧਰੀਜੈ ॥
ਜੋਗ ਨ ਹੈ ਬਪੁ ਆਸੁਰੀ ਏਤਿਕ ਜੋ ਤਰੈ ਸੁਧਰੈ ਗਤਿ ਹੋਇ ਪਤੀਜੈ ॥
ਆਸਰ ਏਕ ਸਰਨਾਗਤਿ ਕੋ ਪ੍ਰਭੁ ਪਤਿਤ ਉਧਾਰਨ ਬਿਰਦ ਸੁਨੀਜੈ ॥੨॥
ਦੇਵ ਅਦੇਵ ਜਿਤੇ ਜਗ ਅੰਤਰਿ ਬਾਸਨਾ ਕਰ ਸਭ ਦੇਹ ਕੋ ਧਾਰੈਂ ॥
ਜੈਸੋਈ ਜੈਸੀਏ ਭਾਵਨਾ ਹੋਤਿ ਹੈ ਤੈਸੋਈ ਤੈਸੀਏ ਕਰਮ ਬਿਚਾਰੈਂ ॥
ਬਾਸਨਾ ਹੀ ਸ੍ਵਰਗ ਲੋਕ ਦਿਖਾਵਤਿ ਬਾਸਨਾ ਹੀ ਲੈ ਨਰਕਹ ਡਾਰੈਂ ॥
ਬਾਸਨਾ ਹੀ ਸੁਰ ਦੇਹ ਕੋ ਧਾਰਤਿ ਬਾਸਨਾ ਹੀ ਬਪੁ ਰਾਛਸੀ ਧਾਰੈਂ ॥੩॥
ਬਾਸਨਾ ਹੀ ਪਸੁ ਪੱਛ ਤ੍ਰਿਗਦ ਬਪੁ ਧਾਰਤਿ ਬਾਸਨਾ ਹੀ ਜੜਤਾ ਕਉ ਪਾਵੈ ॥
ਬਾਸਨਾ ਹੀ ਖਗ ਮ੍ਰਿਗ ਬ੍ਰਿਖਾਦਿਕ ਪਾਹਨ ਕੇ ਬਹੁ ਕਾਲ ਬਿਤਾਵੈ ॥
ਬਾਸਨਾ ਹੀ ਕ੍ਰਿਮ ਕੀਟ ਤ੍ਰਿਣਾਦਿਕ ਅਸਤ ਬਿਸਤ ਛਿਨ ਛਿਨ ਤਾਵੈ ॥
ਬਾਸਨਾ ਹੀ ਤ੍ਰੈਲੋਕ ਕੋ ਰਾਜ ਦੈ ਬਾਸਨਾ ਹੀ ਫੁਨਿ ਭੀਖ ਮੰਗਾਵੈ ॥੪॥
ਏਤੇ ਰੋਗ ਅਸਾਧ ਬਾਸਨਾ ਮਹਿ ਕਹੋ ਕਿਮ ਜੀਅ ਮੁਕਤਿ ਗਤਿ ਪਾਵੈ ॥
ਦਿਵਸ ਨਿਸਾ ਪਰਕ੍ਰਿਤਿ ਭ੍ਰਮਾਵਤਿ ਜਯੋਂ ਨਲਨੀ ਸੂਅਟਾ ਭਟਕਾਵੈ ॥
ਅਰਧ ਉਰਧ ਕੋ ਹੋਤ ਪਰਾਪਤਿ ਕਿਨ ਬਿਧਿ ਕਹੋ ਪਾਰੰਗਤਿ ਪਾਵੈ ॥
ਆਵਾ ਗੌਨ ਮੋ ਜੀਜ ਰੁਧਯੋ ਬਸਿ ਜੰਤੀ ਕੇ ਬਾਰ ਅਨੇਕ ਸੁ ਆਵੈ ॥੫॥
ਤਾੜਨਾ ਜੂਨਿ ਕੀ ਦਾਰੁਨ ਜੀਅ ਕਉ ਲਖ ਚੌਰਾਸੀ ਜੋਨਿ ਦਿਖਾਵੈ ॥
ਬਾਸਨ ਕਰ ਆਪਦ ਏ ਸਬਹੀ ਬਾਰੰਬਾਰ ਜੀਯਰਾ ਦੁਖ ਪਾਵੈ ॥
ਬਾਸਨਾ ਕਰ ਤ੍ਰੈਲੋਅ ਕੇ ਜੰਤਨ ਨੀਚ ਰੁ ਊਚ ਸਮੈ ਭੁਗਤਾਵੈ ॥
ਬਾਸਨਾ ਫੁਰਨ ਜਜਦੀਸ ਕ੍ਰਿਪਾ ਬਿਨ ਕਾਹੂੰ ਕੀ ਨੈਕ ਨ ਮਨ ਤੇ ਜਾਵੈ । ੬॥
ਆਸੁਰੀ ਜਾਤਿ ਮਲਾਜ ਮਹਾਤਮ ਕੈਸੇ ਕੈ ਗੁਨਾਨੁ ਬਾਦ ਉਚਾਰੋਂ ॥
ਚੌ ॥ ਚਰਨ ਕਵਲ ਤੋਰਹਿ ਉਰ ਧਾਰ ॥ ਰਹਹੁ ਸਦਾ ਥਾਰੀ ਸਰਨਾਰ ॥
ਪਤਿ ਆਗਜਾ ਬਿਨ ਹਮ ਚਲਿ ਆਈ ॥ ਅੰਗੀਕਾਰ ਨ ਕਰਹ ਜਦੁਰਾਈ ॥੧੩॥੨੧੦॥੮੪੩॥
ਚੌ ॥ ਏਕ ਸਖੀ ਪਤਿ ਰੋਕਜੋ ਤਾਸੁ ॥ ਤਿਨ ਤਨੁ ਅਪਨਾ ਕਰ ਸੋ ਬਿਨਾਸੁ ॥
ਬਿਹਸਿਕ੍ਰਿਸਨ ਦਈ ਨਾਰਿਦਿਖਾਇ ॥ ਤੁਮਸੋਂ ਪਹਿਲਿਮਿਲੀ ਮੁਝਆਇ ॥੧੪॥੨੧੧॥੮੪੪॥
ਚੌ ॥ ਭੋਜਨ ਖਾਇ ਬਿਦਾ ਤੀਯ ਕੀਨ ॥ ਕਛੁ ਨਹਿ ਤੁਮ ਪਤਿ ਕਹੈਂ ਪ੍ਰਬੀਨ ॥
ਪਸ੍ਚਾਤਾਪ ਕਰਤ ਦਿਜ ਜੀਯ ॥ ਬੇਦਨ ਮੋ ਹਮ ਸੁਨੋ ਅਰਥੀਯ । ੧੫॥੨੧੨॥੮੪੫॥
ਚੌ ॥ ਨੰਦ ਜਸੋਧਾ ਤਪ ਕਹ ਕੀਨੁ ॥ ਤਿਨ ਹਿਤੁ ਜਦੁ ਕੁਲ ਹਰਿ ਭਵ ਲੀਨੁ ॥
ਤਿਨ ਭੋਜਨ ਹਿਤ ਪਠੇ ਗੋਪਾਲਾ ॥ ਅਗਜਾਨਬਿਬਸ ਹੁਇ ਫਿਰੇਗ੍ਵਾਲ ॥੧੬॥੨੧੩॥੮੪੬॥
ਚੌ ॥ ਹਰਿ ਹੀ ਮਾਨੁਖ ਕਰਿ ਮੈ ਜਾਨਾ ॥ ਅਹੰਕਾਰ ਬਸਿ ਭਏ ਅਗਜਾਨਾ ॥
ਪਾਪਿ ਜਾਨਿ ਹਰਿ ਦਰਸਨ ਦਏ॥ ਬਡ ਕੁਮਤਿ ਹਮ ਸਭਿ ਚਿਤ ਠਏ ॥੧੭॥੨੧੪॥੮੪੭॥
ਚੌ ॥ ਬਿਰਥਾ ਜਗਯ ਜਾਪੁ ਹਮ ਕਰੇਂ ॥ ਬਾਰਿ ਮਥਹਿੰ ਕਛੁ ਕਾਜ ਨ ਸਰੇਂ ॥
ਹਮ ਤੇ ਨੀਕੀ ਨਾਰੀ ਭਈ ॥ ਦਰਸਨ ਕੀਨੇ ਭਗਵਨ ਦਈ ॥੧੮॥੨੧੫॥੮੪੮॥
ਚੌ ॥ ਬਿਨਾ ਜਗੁ ਜਪੁ ਤਪੁ ਬ੍ਰਤੁ ਦਾਨੁ ॥ ਦਰਸਨ ਕ੍ਰਿਸਨ ਕੀਨ ਸਵਧਾਨ ॥
ਹਾਥ ਜੋੜ ਨਾਰਨ ਕਹਿੰ ਕੰਤ ॥ ਤੁਮ ਵਡਭਾਗਨਿ ਹਰਿ ਦਰਸੰਤ ॥੧੯॥੨੧੬॥੮੪੯॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਦਿਜ ਪਤਨੀ ਦਰਸਨੋ ਇਕੀਸਵੋਂ ਧਯਾਯ: ॥੨੧॥
ਸ੍ਰੀ ਸੁਕੋਵਾਚ ਦੋਹਰਾ ॥ ਜਾ ਬਿਧ ਗੋਪਨ ਇੰਦ੍ਰ ਕੌ ਪੂਜਿਤ ਨੇਮਨ ਧਾਰ ॥
ਹਰਿ ਗਿਰਿ ਗੋਪ ਪੂਜਾਜੋ ਸੁਨਿ ਨ੍ਰਿਪਤਿ ਚਿਤ ਧਾਰ ॥੧॥੨੧੭॥੮੫੦॥
ਦੋਹਰਾ ॥ ਪੂਛਤ ਕ੍ਰਿਸਨ ਜਸੁਧਾ ਪ੍ਰਤਿਹ ਕਾ ਕਹੁੰ ਪੂਜ ਕਰਾਹੁ ॥
ਕਾਨਜੂ ਬਾਚ ॥ ਜਹਿੰ ਨਮਿਤ ਗ੍ਰਿਹ ਗ੍ਰਿਹ ਬਿਸੈ ਪਾਕਤ ਬਿਬਿਧ ਕਰਾਹੁ ॥੨॥੨੧੮॥੮੫੧॥

Sri Satguru Jagjit Singh Ji eLibrary NamdhariElibrary@gmail.com

ਜਸੁਧਾ ਬਾਚ ॥ ਹਮੈ ਛੂਟ ਨਹ ਜਾ ਸਮੈ ਪੂਛਹੁ ਪਿਤ ਪਹਿ ਜਾਇ ॥
ਕ੍ਰਿਸਨ ਨੰਦ ਪ੍ਰਤਿ ਪੂਛ ਹੀ ਕਾ ਕਹੁੰ ਪੂਜ ਕਰਾਇ ॥੩॥੨੧੬॥੮੫੨॥
ਦੋ ॥ ਕਵਨ ਦੇਵ ਅਰ ਸੇਵ ਕੌ ਤਾ ਕਹੁ ਭੇਵ ਬਤਾਓ ॥
ਮੁਕਤਿ ਭੁਗਤਿ ਕਿਮ ਦੇਵ ਹੀ ਨਾਮ ਠਾਮ ਤਿਸ ਗਾਓ ॥੪॥੨੨੦॥੮੫੩॥
ਨੰਦਬਾਚ ਚੌਪਈ ॥ ਪੂਜਤ ਸੁਰਪਤਿ ਪਰਮ ਪ੍ਰਾਯ ॥ ਜਿਹ ਪ੍ਰਸਾਦਿ ਅਨ ਤ੍ਰਿਨ ਉਪਜਾਯ ॥
ਤ੍ਰਿਪਤਿ ਤ੍ਰਿਲੋਕੀ ਤਾਂਸੋਂ ਹੋਇ ॥ ਨਈ ਰੀਤਿ ਨਹੀ ਕੀਨੀ ਕੋਇ ॥੫॥੨੨੧॥੮੫੪॥
ਕਾਨਜੂ ਬਾਚ ਚਉਪਈ ॥
ਪੁਰਖਾ ਜੇ ਕਰਤੇ ਯਾ ਹੀਤ ॥ ਅਜਾਨ ਹੋਇ ਕਰਿ ਊਂਧੀ ਰੀਤ ॥
ਤੁਮ ਸਗਜਾਨ ਸੁ ਕਾਹੇ ਕਰੋ ॥ ਤੁਮਹੀ ਕਹੋਇੰਦ੍ਰ ਕਿਹਵਰਸਰੋ ॥੬॥੨੨੨॥੮੫੫॥
ਦੋ ॥ ਦੇਵ ਨਮਿਤ ਆਪਨੇ ਸੁਰਪਤਿ ਮਾਨ ਮਹਤ ॥
ਸਰਤ ਨ ਕਾਰਜ ਪ੍ਰਜਾ ਕੌ ਤਾਂ ਸੋਂ ਸਾਚੀ ਕਹਤ ॥੭॥੨੨੩॥੮੫੬॥
ਚੌ ॥ ਪਰਮੇਸ੍ਵਰ ਬਿਨੁ ਅਵਰ ਨ ਕੋਇ ॥ ਸੁਖ ਦੁਖ ਕਰਮ ਆਪਨੇ ਹੋਇ ॥
ਲਿਖਾ ਜੋ ਬਿਧਿ ਟਰਾ ਨਹਿ ਸੋਇ ॥ ਇੰਦ੍ਰ ਨਹੀ ਪਰਮੇਸ੍ਵਰ ਹੋਇ ॥੮॥੨੨੪॥੮੫੭॥
ਚੌ ॥ ਜਲ ਸੋਖੈ ਸੂਰਜ ਪੁਨਿ ਦੇਇ ॥ ਤ੍ਰਿਨ ਉਪਜਹਿ ਯਾ ਬਿਧ ਸੁਨਿ ਲੇਇ ॥
ਚਾਰ ਬਰਨ ਬ੍ਰਹਮਾ ਉਪਜਾਇ ॥ ਨਿਜ ਨਿਜ ਕਰਮ ਪ੍ਰਜਾ ਸਭਿ ਲਾਇ ॥੯॥੨੨੫॥੮੫੮॥
ਚੌ ॥ ਹਮਹੈ ਬੈਸ ਖੇਤੀ ਬਨਜ ਕਰੈਂ ॥ ਆਪਨ ਧਰਮ ਕਾਹਿ ਪਰਹਰੈਂ ॥
ਹਮ ਬਨ ਬਾਸੀ ਗੋਕਲ ਬਾਸ ॥ ਗੋਪ ਬੰਸ ਮਹਿ ਕਰਜੋ ਪ੍ਰਕਾਸ ॥੧੦॥੨੨੬॥੮੫੯॥
ਚੌ ॥ ਹਮਰੋ ਰਾਜਾ ਗਿਰਿਵਰ ਜਾਨੁ ॥ ਜਹਿ ਪ੍ਰਸਾਦਿ ਸੁਖ ਗਈਅਨ ਮਾਨੁ ॥
ਸਭੈ ਸਾਮਗ੍ਰੀ ਇਨਹਿ ਚਢਾਓ ॥ ਇਨਹੀ ਕੀ ਪਿਤ ਪੂਜ ਕਰਾਓ ॥੧੧॥੨੨੭॥੮੬੦॥
ਨੰਦਬਾਚ ਚਉਪਈ ॥ ਨੰਦ ਕਹੇ ਗੋਪਨ ਸੋ ਬਾਤ ਜੋ ਥੋ ਕਹੀ ਕ੍ਰਿਸਨ ਪਿਤ ਸਾਥ ॥
ਬੋਲੇ ਗੋਪਜੁ ਪਰਮ ਸੁਜਾਨੁ ॥ ਸਾਚ ਕਹਤਿ ਹੈ ਨੰਦ ਜੂ ਕਾਨ ॥੧੨॥੨੨੮॥੮੬੧॥
ਪੂਜੈਂ ਲਤਾ ਸੁ ਬਨ ਗਿਰਿ ਤਾਲ ॥ ਜਾਤੇ ਸੁਖੀ ਬਸੈਂ ਗੋਪਾਲ ॥
ਨੰਦ ਢੰਢੋਰਾ ਬ੍ਰਿਜ ਫਿਰਾਇ ॥ ਸਭਿ ਬ੍ਰਿਜ ਬਾਸੀ ਪ੍ਰਾਤ ਉਠ ਜਾਇ ॥੧੩॥੨੨੯॥੮੬੨॥
ਸੁਰਪਤਿ ਪੂਜਾ ਕੋ ਸਭਿ ਸਾਜ ॥ ਪੂਜਹਿ ਗਿਰਿ ਗੋਵਰਧਨ ਰਾਜ ॥
ਸਕਲ ਸਾਮਗ੍ਰੀ ਗੋਪ ਗ੍ਵਾਲ ॥ ਨੰਦ ਉਪਨੰਦ ਜੁਤ ਕੁਟੰਬ ਸਮੇਤੁ ॥
ਗਾਵਤਿ ਗੀਤਨ ਪਹੁੰਚੇ ਕਰਿ ਹੇਤੁ ॥੧੪॥੨੩੦॥੮੬੩॥
ਚੌ ॥ ਪਹੁੰਚਨਿ ਕਰਿ ਸਾਮਗ੍ਰੀ ਧਰੇ ॥ ਬਿਬਿਧ ਪਕਵਾਨ ਲੈ ਪੂਜਨ ਕਰੇ ॥

Sri Satguru Jagjit Singh Ji eLibrary NamdhariElibrary@gmail.com

ਚੌਆ ਚੰਦਨ ਫੂਲਨਹਾਰ ॥ ਆਛਾਦਨ ਗਿਰਿ ਭਉ ਪੂਜਨ ਪ੍ਰਕਾਰ ॥੧੫॥੨੩੧॥੮੬੪॥
ਕ੍ਰਿਸਨ ਕਹੇ ਅਬ ਧਰਹੁ ਧਯਾਨ ॥ ਗੋਵਰਧਨ ਦਰਸੇ ਬਿਦਜਮਾਨ ॥
ਨੰਦ ਜਸੋਧਾ ਧਰਯੋ ਧਯਾਨ ॥ ਗੋਵਰਧਨ ਰੂਪ ਧਰਿ ਪ੍ਰਗਟੇ ਭਗਵਾਨ॥੧੬॥੨੩੨॥੮੬੫॥
ਚਉਪਈ ॥ ਆਜਾਨੁਬਾਹੁ ਅਤਿ ਊਚ ਬਿਸਾਲ ॥ ਕਾਨਹੁੰ ਕੁੰਡਲ ਕ੍ਰੀਟ ਰਸਾਲ ॥
ਨੀਲ ਜੀਮੂਤ ਸੋਂ ਸੁੰਦਰ ਗਾਤ ॥ਪੀਤਿ ਉਪਰਨਾ ਸੁਭਗ ਸੁਹਾਤ ॥੧੭॥੨੩੩-੩੪॥੮੬੬॥
ਕਾਨ ਜੂ ਬਾਚ ਚੌ ॥ ਬੋਲੇ ਕ੍ਰਿਸਨ ਹਰਿ ਦਰਸਨ ਦੀਨ ॥ ਨੇਤ੍ਰ ਖੋਲ ਦਰਸੋ ਪ੍ਰਬੀਨ ॥
ਚਕ੍ਰਿਤ ਭਏ ਨੰਦ ਜੁਤ ਗ੍ਵਾਲ ॥ ਗਿਰਿ ਗੋਵਰਧਨ ਰੂਪ ਬਿਸਾਲ ॥੧੮॥੨੩੫॥੮੬੭॥
ਬਿਰਥਾ ਪੂਜਤਿ ਥੇ ਸੁਰਪਾਲ ॥ ਗਿਰਿ ਕੋ ਸੁੰਦਰ ਰੂਪ ਰਸਾਲ ॥
ਧਨਜ ਕਾਨ ਜਿਨ ਕਰਿ ਉਪਦੇਸ ॥ ਪੂਜੈ ਗੋਵਰਧਨ ਸੁਰ ਬੇਸ ॥੧੯॥੨੩੬॥੮੬੮॥
ਚੌਪਈ ॥ ਬੋਲੇ ਕ੍ਰਿਸਨ ਭੋਜ ਕਰਵਾਓ ॥ ਗੋਵਰਧਨ ਕਹੁ ਤ੍ਰਿਪਤ ਕਰਾਓ ॥
ਲੈ ਲੈ ਭੋਜਨ ਸਕਲ ਪ੍ਰਕਾਰ ॥ ਲਗੇ ਖੁਲਾਵਨੁ ਕਰ ਭਰਿ ਥਾਰ ॥੨੦॥੨੩੭॥੮੬੯॥
ਚੌਪਈ ॥ ਸਕਲ ਸਾਮਗ੍ਰੀ ਖਾਇ ਗਿਰਿਰਾਜ ॥ ਲੋਪ ਭਯੋ ਕਰਿ ਗੋਪਨ ਕਾਜ ॥
ਕ੍ਰਿਸਨ ਕਉਤਕੀ ਕਉਤਕ ਕਰੈ ॥ ਅਨੰਤ ਰੂਪ ਹ੍ਵੈ ਲੀਲਾ ਸਰੈ ॥੨੧॥੨੩੮॥੮੭੦॥
ਦੇਤ ਪਰਿਕਰਮਨਿ ਗਿਰਿ ਕੋ ਆਪ ॥ ਗੋਪ ਸਖਾ ਜੁਤ ਜਨਨੀ ਬਾਪ ॥
ਪ੍ਰਾਤਿ ਹੋਇ ਬ੍ਰਿੰਦਾਬਨ ਆਏ ॥ ਗੋਪਨ ਗਈਅਨ ਸਜੇ ਰੁ ਗਾਏ ॥੨੨॥੨੩੯॥੮੭੧॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਗੋਵਰਧਨ ਪੂਜਨੰ ਦ੍ਵਬਿੰਸਤ ਧਯਾਯ: ॥੨੨॥
ਦੋਹਰਾ ॥ ਤਜੀ ਪੂਜ ਸੁਰਪਤਿ ਸਕਲ ਬ੍ਰਿਜਬਾਸੀ ਗੋਪਾਲ ॥
ਦੇਵਨ ਪ੍ਰਤਿ ਪੂਛੈ ਤਬਹਿ ਕਹੁ ਪੂਜਾ ਕਿਹ ਕਾਲ ॥੧॥੨੪੦॥੮੭੨॥
ਚੌ ॥ ਨਾਰਦ ਬੋਲੇ ਪ੍ਰਜਾ ਸਭਿ ਤੁਮ ਮਾਨਤ ਸੁਰਦੇਵ ॥ ਨੰਦ ਪੁਤ੍ਰ ਬ੍ਰਿਜ ਜਨਨ ਤੇ ਗਿਰਿ
ਕਰਵਾਜੋ ਸੇਵ ॥੨॥੨੪੧॥੮੭੩॥
ਚੌਪਈ ॥ ਸੁਨਯੋ ਜਬਹਿ ਐਸੇ ਸੁਰਪਾਲ ॥ ਕ੍ਰੋਧ ਕਰਜੋ ਬ੍ਰਿਜ ਜਨਨ ਗੋਪਾਲ ॥
ਧਨਿ ਕਰਿ ਅੰਧ ਭਏ ਬ੍ਰਿਜ ਗ੍ਵਾਲ ॥ ਭਲੇ ਦੰਡ ਦੈਹੌਂ ਖੁਟਚਾਲ ॥੩॥੨੪੨॥੮੭੪॥
ਬਾਲਕ ਕੇ ਬਚ ਭਏ ਅਗਯਾਨਿ ॥ ਮੂਰਖ ਸਿਸੁ ਕਹ ਕਹਿਤ ਭਗਵਾਨ॥
ਬੋਲਾਇ ਤਿਹ ਅਉਰ ਘਨ ਪਾਲ ॥ ਕਰ ਜੋਰੇ ਸਨੁਮੁਖ ਸੁਰਪਾਲ ॥੪॥੨੪੩॥੮੭੫॥
ਮਘਵਾ ਬਾਚ ਚੌ ॥ ਤੁਮ ਬ੍ਰਿਜ ਪਰ ਵਰਸੋ ਤਤਕਾਲ ॥ ਗੋਵਰਧਨ ਬ੍ਰਿਜਮੰਡਲ ਘਾਲ ॥
ਨਾਮ ਰੇਖ ਤਾ ਕੋ ਮਿਟਵਾਇ ॥ ਸਪਤ ਬਾਸੁਰ ਵਰਸ ਤੁਮ ਜਾਇ ॥੫॥੨੪੪॥੮੭੬॥
ਚੌਪਈ ॥ ਮੇਘਪਤਿ ਡੰਡਵਤਿ ਕਰ ਤਹ ਆਯੋ । ਘੋਰ ਜਲਧਰ ਕਹ ਬ੍ਰਿਜਹ ਪਠਾਜੋ ॥

Sri Satguru Jagjit Singh Ji eLibrary NamdhariElibrary@gmail.com

ਦੇਹੁ ਬਹਾਇ ਬ੍ਰਿਜਬਾਸੀ ਗ੍ਰਾਮ ॥ ਕਛੂ ਨ ਰਹੈ ਰੇਖ ਅਰੁ ਨਾਮ ॥੬॥ ੨੩੫॥੮੭੭॥

ਘਿਰੇ ਕੋਪ ਕੈ ਘਨਹਰ ਜਾਏ ॥ ਮੂਸਲ ਧਾਰ ਬਰਸਤ ਤਿਸ ਪਾਏ ॥

ਨੰਦ ਜਸੋਧਾ ਕ੍ਰਿਸਨ ਪਹਿ ਜਾਇ॥ ਕਹੈ ਬਿਨਯ ਮੇਘਨ ਡਰਪਾਇ ॥੭॥੨੪੬॥੮੭੮॥

ਜਬਿ ਸੇ ਪੂਜਾ ਗਿਰਿ ਕਰਵਾਯੋ ॥ ਮਘਵਾ ਹਮ ਪਰ ਅਧਿਕ ਰਿਸਾਯੋ ॥

ਕ੍ਰਿਸਨ ਕਹੀ ਪਿਤ ਚਿੰਤ ਨ ਕਰਹੁ ॥ ਅਬਿਹੀ ਗਰਬ ਇੰਦ੍ਰ ਕੋ ਹਰਹੁ॥੮॥੨੪੭॥੮੭੯॥

ਚੌ ॥ ਗੋਵਰਧਨ ਪੂਟੇ ਗੋਪਾਲ ॥ ਚੀਚੀ ਪਰ ਰਾਖੇ ਨੰਦ ਲਾਲ ॥

ਸਭਿ ਬ੍ਰਿਜ ਬਾਸੀ ਗ੍ਵਾਲ ਅਰੁ ਗਾਏ ॥ ਗਿਰਿ ਤਰਿ ਆਏ ਹਰਿ ਸਰਣਾਇ ॥੯॥੨੪੮॥੮੮੦॥

ਪਰਸਪਰ ਕਹਿਤ ਅਚਰਜ ਜੀਯ ਮਾਨ ॥ ਪੁਨ ਪੁਨ ਨਿਰਖਤਿ ਬਦਨ ਘਨਸਜਾਮ॥

ਯਹਿ ਤੇ ਮਾਨੁਖ ਨਾਹਿਨ ਕਾਨ ॥ ਨੰਦ ਧਾਮ ਪ੍ਰਗਟੇ ਭਗਵਾਨ ॥੧੦॥੨੪੯॥੮੮੧॥

ਚੌਪਈ ॥ ਮੇਘ ਹਟੇ ਜਲ ਨਿਖੁਟੇ ਸਕਲ ॥ ਕਹਜੋ ਜਾਇ ਮਘਵਾ ਪ੍ਰਤਿ ਬਿ ਕ੍ਰਲ ॥

ਇੰਦ੍ਰ ਕ੍ਰੋਧ ਕੈ ਬ੍ਰਿਜ ਪਹਿ ਧਾਇ ॥ ਮੂਸਲਧਾਰ ਸਪਤ ਦਿਵਸ ਵਰਸਾਇ ॥੧੧॥੨੫੦॥੮੮੨॥

ਬ੍ਰਿਜ ਜਨ ਬਾਚ ਚੌਪਈ ॥ ਏਕ ਬੂੰਦ ਹਰਿ ਪੜੈ ਨ ਦੀਨ ॥ ਮਘਵਾ ਬਲ ਜਲ ਕਰ ਭਜ ਛੀਨ ॥

ਮੇਘਮਾਲਾ ਬਾਚ ॥ ਪ੍ਰਲਯ ਕਾਲ ਕੋ ਜਲ ਨਿਖੁਟਾਏ ॥ ਬ੍ਰਿ ਪਰ ਬਰਸੇ ਕਛੂ ਨ ਬਸਾਏ ॥

॥੧੨॥੨੫੧॥੮੮੩॥

ਚੌ ॥ ਬਾਸਵ ਗਜਾਨ ਦ੍ਰਿਸ੍ਰਿ ਬਿਚਾਰ ॥ ਲਖਜੋ ਕ੍ਰਿਸਨ ਕਹ ਜਗ ਕਰਤਾਰ ॥

ਮੇਘੋਂ ਜੁਤ ਅਮਰਾਪੁਰਿ ਗਯੋ ॥ ਗੋਪਨ ਬਿਨਯ ਕ੍ਰਿਸਨ ਪੈ ਕਹਯੋ ॥੧੩॥੨੫੨॥੮੮੪॥

ਮੇਘ ਗਏ ਦਿਸਾ ਮਹਿ ਪ੍ਰਕਾਸ ॥ ਨਗ ਉਤਾਰੋ ਮੇਘ ਗਏ ਨਿਰਾਸ ॥

ਨਗ ਉਤਾਰ ਰਾਖੇ ਮੁਸਕਾਇ ॥ ਬ੍ਰਿਜਜਨ ਸੁਖੀ ਕੀਨ ਜਦੁਰਾਇ ॥੧੪॥੨੫੩॥੮੮੫॥

ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਬ੍ਰਿਜ ਰਖਛ੍ਣੇ ਤ੍ਰਿਬਿੰਸਤੋ ਧਯਾਜ: ॥੨੩॥

ਚਉਪਈ ॥ ਅਤਿ ਅਚਰਜ ਬ੍ਰਿਜਬਾਸੀ ਸਾਰੇ ॥ ਕਿਮ ਹਮ ਯਾ ਕੋ ਸੁਤਨੰਦ ਉਚਾਰੇ ॥

ਨੰਦ ਜਸੁਮਤਿ ਪੂਰਬ ਤਪ ਕੀਨ੍ਹ ॥ ਤਿਨ ਹਿਤ ਬ੍ਰਿਜ ਭਵ ਕੇਸਵ ਲੀਨ ॥੧॥੨੫੪॥੮੮੬॥

ਚੌ ॥ ਗੋਪੀ ਗ੍ਵਾਲ ਕ੍ਰਿਸਨ ਪਹਿ ਆਇ ॥ ਕਰਤ ਵਡਾਈ ਕ੍ਰਿਸਨ ਗੁਨ ਗਾਇ ॥

ਕੋਮਲ ਹਸਤਕਮਲ ਤੁਮ ਕਾਨ ॥ ਅਤਿ ਗਿਰਿਸ੍ਰਿ ਗਿਰਿ ਬਜ੍ ਸਮਾਨ ॥੨॥੨੫੫॥੮੮੭॥

ਚੌ ॥ ਨੰਦ ਜਸੋਧਾ ਹਿਰਦੈ ਲਗਾਇ ॥ ਦਾਬਤਿ ਅੰਗੁਰੀ ਭੁਜ ਹਰਿ ਪਾਇ ॥

ਬ੍ਰਿਜ ਯੁਵਤੀ ਸਭਿ ਦੇਤ ਵਧਾਈ ॥ ਕਹਿਤਿ ਗਰਗ ਕਹਜੋ ਹਰਿਰਾਈ ॥੩॥੨੫੬॥੮੮੮॥

ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਚਤੁਰ ਬਿੰਸਤੋ ਧਜਾਯ: ॥੨੪॥

ਚਉਪਈ ॥ ਕ੍ਰਿਸਨ ਬਲਰਾਮ ਗ੍ਵਾਲ ਜੁਤ ਧੇਨੁ ॥ ਬਨ ਮੋ ਚਲ ਚ੍ਰਾਵਤਿ ਬੇਨੁ ॥

Sri Satguru Jagjit Singh Ji eLibrary NamdhariElibrary@gmail.com

ਇੰਦ੍ਰ ਦੇਵਨ ਜੁਤ ਮਾਰਗ ਮਾਹਿ ॥ ਹਾਥ ਜੋਰ ਬਹੁ ਬਿਨਯ ਕਰਾਹਿ ॥੧॥੨੫੭॥੮੮੬॥
ਚੌ ॥ ਮੋਹਿ ਅਹੰ ਬਸਿ ਤੁਮਹਿ ਨ ਜਾਨਾ ॥ ਤੁਮਹੋ ਆਪ ਪੁਰਖ ਭਗਵਾਨਾ ॥
ਬ੍ਰਹਮਾਦਿਕ ਸਭਿ ਤੋਕਹ ਭਜਹਿੰ ॥ ਛਮੋ ਨਾਥ ਅਉਗਨ ਮੁਝ ਸਭਹਿੰ ॥੨॥੨੫੮॥੮੮੦॥
ਕਾਨਜੂ ਬਾਚ ਚੌ ॥ ਕਾਮਧੇਨੁ ਸੰਗ ਆਯੋ ਸੁਰਰਾਜੁ ॥ ਛਮਾ ਕੀਨੁ ਸਭਿ ਤੋਰ ਪਰਾਧ ॥
ਫਿਰ ਮਤ ਕੀਜੋ ਗਰਬ ਅਹੰਕਾਰ ॥ ਮਾਨ ਮਹਤ ਨਾਸੈ ਉਪਕਾਰ ॥੩॥੨੫੯॥੮੮੧॥
ਚੌ ॥ ਬਿਧਵਤ ਸਕ੍ਰ ਹਰਿ ਪੂਜਾ ਕਰਜੋ ॥ ਨਾਮ ਗੋਬਿੰਦ ਕ੍ਰਿਸਨ ਕੋ ਧਰਜੋ ॥
ਗੰਧ੍ਰਬ ਗਾਨ ਸੁਰ ਸੁਮਨ ਬਰਖਾ ਹੀ ॥ ਬਿਦਾ ਕੀਨ ਬਾਸਵ ਸੁਰ ਨਾਹੀ ॥੪॥੨੬੦॥੮੮੨॥
ਚੌ ॥ ਸਾਂਝ ਪਰੇ ਹਰਿ ਬਿੰਦ੍ਰਾਬਨ ਆਏ ॥ ਇੰਦ੍ਰ ਦਰਸ ਗੋਪ ਕਦੰਬ ਸੁਨਾਏ ॥
ਮੁਨਿਵਰ ਕਹਿਤ ਇੰਦ ਸੰਬਾਦ ॥ ਪਠੈ ਸੁਨੈ ਪਾਵੈ ਅਹਿਲਾਦ ॥੫॥੨੬੧॥੮੮੩॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਇੰਦ੍ਰ ਅਸਤੁਤਿ ਪੰਚ ਬਿੰਸਜੋ ਧਯਾਯ: ॥੨੫॥
ਦੋਹਰਾ ॥ ਨੰਦ ਇਕਾਦਸਿ ਬ੍ਰਤ ਕਰ ਜਪੁ ਤਪੁ ਜਾਗ੍ਰਨਿ ਕੀਨੁ ॥
ਬ੍ਰਹਮ ਮਹੂਰਤਿ ਨਾਨ ਹਿਤੁ ਜਮੁਨਾ ਗਏ ਪ੍ਰਬੀਨ ॥੧॥੨੬੨॥੮੮੪॥
ਦੋਹਰਾ ॥ ਬਰੁਨ ਭ੍ਰਿਤੁ ਗਹਿ ਨੰਦ ਕਹ ਲੈ ਗਏ ਬਰਨ ਕੇ ਪਾਸ ॥
ਰੋਵਤ ਗੋਪ ਗ੍ਰਿਹ ਕੋ ਗਏ ਨੰਦ ਤੇ ਭਏ ਨਿਰਾਸ ॥੨॥੨੬੩॥੮੮੫॥
ਦੋ ॥ ਕਹੀ ਕ੍ਰਿਸਨ ਪਹਿ ਗੋਪ ਸਭਿ ਨੰਦ ਗਹੇ ਬਰੁਨ ਦਾਸ ॥
ਕ੍ਰੋਧ ਹੋਇ ਗੋਬਿੰਦ ਤਬਿ ਗਏ ਬਰੁਨ ਕੇ ਪਾਸ ॥੩॥੨੬੪॥੮੮੬॥
ਦੋ ॥ ਹਰਿ ਕਹੁ ਦੇਖਜੋ ਬਰੁਨ ਜਬਿ ਭਯ ਕਰਿ ਅੰਜੁਲ ਪਾਨ ॥
ਸਨਮੁਖ ਹੋਇ ਅਸਤੁਤਿ ਕਰਯੋ ਬਿਬਿਧ ਭਾਂਤਿ ਭਗਵਾਨ ॥੪॥੨੬੫॥੮੮੭॥
ਚੌਪਈ ॥ ਅਨਜਾਨਤ ਅਵਗਜਾ ਕਰੀ ॥ ਅਸ ਕਹ ਬਿਬਿਧ ਭੇਟ ਲੈ ਧਰੀ ॥
ਜਨਮ ਸਕਾਰਥ ਦਰਸ ਹਰਿ ਪਾਏ ॥ ਪਿਤੁ ਜੁਤ ਕ੍ਰਿਸਨ ਜਲ ਬਾਹਰਿ ਆਇ ॥ ੫॥੨੬੬॥੮੮੮॥
ਚੌਪਈ ॥ ਕਹਿਤ ਬਧਾਈ ਬ੍ਰਿਜ ਕੇ ਲੋਗ ॥ ਨੰਦ ਗੋਬਿੰਦ ਦਰਸੇ ਮਿਟੇ ਸੋਗ ॥
ਪੂਛਤ ਗੋਪ੍ਰਪ੍ਰਧਾਨ ਨੰਦਰਾਇ ॥ ਬਰੁਨ ਭ੍ਰਿਤੁ ਗਏ ਤੁਮਹਿ ਲਵਾਇ ॥੬॥੨੬੭॥੮੮੯॥
ਚੌਪਈ ॥ ਕੈਸੀ ਆਇ ਬਨੀ ਤਿਹ ਕਾਲ ॥ ਹਮ ਸੇ ਕਹੋ ਸਭੀ ਗੋਪਾਲ ॥
ਬੋਲੇ ਨੰਦ ਭ੍ਰਿਤਨ ਗਹਿ ਲੀਨ ॥ ਬਰੁਨ ਢਿਗ ਠਾਢਾ ਮੁਝ ਕੀਨ ॥੭॥੨੬੮॥੮੯੦॥
ਚੌ ॥ ਤਾ ਹੀ ਛਿਨ ਪਹੁੰਚੇ ਗੋਬਿੰਦ ॥ ਬਹੁਰ ਕ੍ਰਿਸਨ ਪੂਜਜੋ ਮੁਖ ਚੰਦ ॥
ਕ੍ਰਿਸਨ ਪੁਜਾਏ ਹਮਹਿ ਲੈ ਆਏ ॥ ਕਹਤਿ ਗੋਪ ਸੁਤ ਤੂ ਨੰਦ ਰਾਏ ॥੮॥੨੬੯॥੮੯੧॥
ਚਉਪਈ ॥ ਹਮ ਸਭਿ ਤਾ ਦਿਨ ਲਖੇ ਗੋਪਾਲ ॥ ਗਿਰਿ ਕਹ ਧਰਿ ਨਖ ਪਰ ਨੰਦਲਾਲ ॥

Sri Satguru Jagjit Singh Ji eLibrary NamdhariElibrary@gmail.com

ਪੂਰਨ ਭਾਗ ਤੁਮਹੁੰ ਨੰਦਰਾਇ ॥ ਆਦਿ ਪੁਰਖੁ ਤੁਮ ਪੂਤ ਕਹਾਇ ॥੯॥੨੭੦॥੯੦੨॥

ਚੌ ॥ ਬਹੁਰ ਗੋਪ ਬੋਲੇ ਕਰ ਜੋਰਿ ॥ ਬਹੁਤ ਭ੍ਰਮਾਏ ਨੰਦ ਕਿਸੋਰਿ ॥

ਤੁਮ ਹੀ ਕਰਤਾ ਜਗ ਜਗਦੀਸ ॥ ਆਦਿ ਪੁਰਖੁ ਤੁਮ ਬਿਸਵੇ ਬੀਸ ॥੧੦॥੨੭੧॥੯੦੩॥

ਚੌ ॥ ਬੈਕੁੰਠ ਦਿਖਾਵਹੁ ਮੁਝਹਿੰ ਦਯਾਲੁ ॥ ਅਭਿਲਾਖਾ ਹਮਰੋ ਨੰਦਲਾਲੁ ॥

ਤਾਹੀਂ ਛਿਨ ਰਚਿ ਬੈਕੁੰਠ ਦਰਸਾਇ ॥ ਨੰਦ ਗੋਪ ਜੁਤ ਸਭਿ ਹਰਖਾਇ ॥੧੧॥੨੭੨॥੯੦੪॥

ਚੌ ॥ ਗ੍ਯਾਨ ਭਜੋ ਹਰਿ ਕ੍ਰਿਸਨ ਪਹਿਚਾਨੇ ॥ ਆਦਿ ਪੁਰਖੁ ਕਰਤਾ ਕਰ ਜਾਨੇ ॥

ਦਿਖਾਇ ਬੈਕੁੰਠ ਮਾਯਾ ਸੰਕੋਚਿ ॥ ਨੰਦ ਗ੍ਵਾਲ ਸਭਿ ਭਏ ਅਸਚਿ ॥

ਵੈ ਜਾਨਤ ਹਮਰੇ ਸੁਤ ਕਾਨ ॥ ਮਾਯਾ ਪਲਟ ਕਰ ਛਰੇ ਭਗਵਾਨ ॥੧੨॥੨੭੩॥੯੦੫॥

ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਨੰਦ ਗੋਪਨ ਸਹਿਤ ਬੈਕੁੰਠ ਦਰਸਣੰ

ਖਸ੍ਯ ਬਿੰਸਤੋ ਧਯਾਯ: ॥੨੬॥

ਦੋਹਰਾ ॥ ਗੋਪੀ ਬਚ ਹਰਿ ਸਿਮਰੁ ਕਰਿ ਕਾਤਿਕ ਮਨਹਿ ਚਿਤਾਰ ॥

ਕਬਿ ਧੌਂ ਆਵਹਿ ਸਰਦ ਰੁਤਿ ਹਰਿ ਸੰਗ ਕਰਹਿੰ ਬਿਹਾਰ ॥੧॥੨੭੪॥੯੦੬॥

ਚੌ ॥ ਪਾਵਸ ਗਤਿ ਦਿਸਾ ਪ੍ਰਕਾਸ ॥ ਉਜਲ ਜਲਦ ਬ੍ਰਖਾ ਕੋ ਨਾਸ ॥

ਰਸਿਕ ਪੀਯਾ ਰਹਸਹਿੰ ਲੈ ਕੰਤ ॥ ਕੰਜ ਕੁਮਲਾਨਿ ਕੁਮੁਦਿ ਬਿਗਸਤਿ ॥੨॥੨੭੫॥੯੦੭॥

ਨਿਰਮਲ ਗੈਨ ਪੂਰਨਾ ਚੰਦ ॥ ਗੋਪੀ ਬਚ ਸਿਮਰਹਿ ਨੰਦ ਨੰਦ ॥

ਗ੍ਰਿਹ ਤੇ ਬਨ ਗਏ ਨੰਦ ਕਿਸੋਰ ॥ ਬੰਸੀ ਟੇਰ ਕੀਨੁ ਸੁਰ ਜੋਰ ॥੩॥੨੭੬॥੯੦੮॥

ਸੁਨਿ ਸੁਨਿ ਗੋਪੀ ਗ੍ਰਿਹ ਤਜਿ ਧਾਈ ॥ ਕਾਮ ਬ੍ਰਿਹਨੀ ਸਕਲ ਸਿਧਾਈ ॥

ਇਕ ਨਾਹੀ ਕੌ ਵਰਜਿ ਘਰ ਲਾਇ ॥ ਦੇਹ ਤਜਾਗ ਅਗੁਵਾ ਮਿਲੀ ਆਇ ॥੪॥੨੭੭॥੯੦੯॥

ਚੌ ॥ ਪ੍ਰੇਮ ਪਹਿਚਾਨ ਮੁਕਤਿ ਹਰਿ ਦੀਨ ॥ ਨੇਹ ਸ੍ਰਿਸ੍ਟਿ ਹਰਿ ਹੋਤੁ ਅਧੀਨ ॥

ਅੰਚਰ ਸੁਧਿ ਨ ਲੋਕਿਕ ਲਾਜ ॥ ਉਲਟੋ ਪਹਿਰ ਧਾਈ ਸਭਿ ਸਾਜ ॥੫॥੨੭੮॥੯੧੦॥

ਪ੍ਰੀਛਿਤ ਬਾਚ ਚੌ ॥ ਗੋਪੀ ਮੁਕਤਿ ਕਿਹ ਕਾਰਨ ਭਈ ॥ ਬਿਸਯ ਬਾਸਨਾ ਧਰ ਤਹਂ ਗਈ ॥

ਸ੍ਰੀ ਸੁਕੋਵਾਚ ॥ ਅੰਮ੍ਰਿਤ ਜਾਨ ਅਜਾਨ ਹੁਇ ਖਾਇ ॥ ਤਾਕਹ ਗੁਨ ਨਹੀ ਬਿਰਥਾ ਜਾਇ ॥

॥੬॥੨੭੯॥ ੯੧੧॥

ਚੌ ॥ ਤੈਸਹਿ ਹਰਿ ਕੋ ਭਜਨ ਪ੍ਰਤਾਪ ॥ ਮੁਕਤਿ ਕਰੈ ਕਾਹੂੰ ਬਿਧਿ ਜਾਪ ॥

ਜਹੋ ਜਹਂ ਭਾਵ ਕਰ ਕ੍ਰਿਸਨ ਪ੍ਰੀਤਿ ॥ ਤਿਨਕੀ ਕਹਹੁੰ ਜਥਾਰਥਿ ਰੀਤਿ ॥੭॥ ੨੮੦॥੯੧੨॥

ਸ੍ਰੀ ਸੁਕੋਬਾਚ ਚ ॥ ਨੰਦ ਜਸੋਮਤਿ ਸੁਤ ਪਹਿਚਾਨ ॥ ਗੋਪੀ ਜਾਰੁ ਭਾਉ ਹੀਜ ਆਨ ॥

ਕੰਸ ਗ੍ਵਾਲ ਸਤ੍ਰੁ ਮਿਤ੍ਰ ਕਰਿ ਜਾਨੇ ਆਪੁ ਆਪੁਨੇ ਹੁਦਹ ਤਰਾਨੇ ॥੮॥੨੮੧॥ ੯੧੩॥

Sri Satguru Jagjit Singh Ji eLibrary NamdhariElibrary@gmail.com

ਚੌ ॥ ਜੋਗੀ ਜਤੀ ਤਪੀ ਹਰਿ ਜਾਨਿ ॥ ਭਜਿਤ ਭਏ ਹਰਿ ਸਾਰੰਗਪਾਨਿ ॥
ਸਭ ਹੀ ਮੁਕਤਿ ਪਦਾਰਥਿ ਪਾਈ ॥ ਜਿਨ ਜਿਹਭਾਉ ਧਰਿ ਭਜੇ ਕਨਾਈ ॥੯॥੨੮੨॥੯੧੪॥
ਕਾਨਜੂ ਬਾਚ ਚਉਪਈ ॥ ਜਦ ਗੋਪੀ ਹਰਿ ਪਹਿ ਚਲਿ ਆਈ ॥ ਬੋਲੇ ਕ੍ਰਿਸਨ ਬੈਨ ਨਿਠੁਰਾਈ ॥
ਤੀਯ ਸਾਹਸੀ ਨਾਸੈ ਪਰਿਵਾਰ ॥ ਨਿਜ ਪੀਜ ਛਾਡਿ ਭਜੇ ਜੇ ਜਾਰ ॥੧੦॥੨੮੩॥੯੧੫॥
ਚੌ ॥ ਨਿਸਿ ਅੰਧਿਆਰੀ ਬਾਟ ਕੁਬਾਟ ॥ ਭੂਤ ਪ੍ਰੇਤ ਕੋ ਬਹੁਤੋ ਠਾਟ ॥
ਪਤਿ ਬੀਤੇ ਸਭਿ ਗੁਰ ਕਰ ਹੀਨ ॥ ਨਾਰਿ ਨ ਤਜੈ ਸੋਈ ਪ੍ਰਬੀਨ ॥੧੧॥੨੮੪॥੯੧੬॥
ਚੌ ॥ ਪਰ ਪੁਰਖਨ ਸੇ ਰਤਿ ਜੇ ਕਰੈ ॥ ਜਨਮ ਅਨੇਕ ਨਰਕ ਮਹਿ ਗਿਰੇ ॥
ਜਮੁਨ ਸਸਿ ਦੂਤਿ ਨਿਰਖੇ ਬੀਰ ॥ ਫਿਰ ਘਰ ਅਬ ਤੁਮ ਜਾਹੁ ਧਰਿ ਧੀਰ ॥੧੨॥੨੮੫॥੯੧੭॥
ਚੌ ॥ ਕੰਤ ਭਜੋ ਅਪੁਨੋ ਮਨਿ ਲਾਇ ॥ ਯਹਿ ਸੁਨਿ ਗਿਰੀ ਧਰਨਿ ਮੁਰਛਾਇ ॥
ਗੋਪੀ ਬਾਚ । ਹਮ ਤੋ ਭੋਲੀ ਗੋਪੀ ਨਾਰਿ ॥ ਤੁਮ ਠਗ ਬਡਿ ਭੋ ਨੰਦ ਕੁਮਾਰ ॥੧੩॥੨੮੬॥੯੧੮॥
ਚੌ ॥ ਬੰਸਿ ਧੁਨਿ ਕਰ ਮੋਹੇ ਚੀਤਿ ॥ ਅਬ ਬਚ ਕਰਕਸ ਕਹਿਤ ਬਿਪ੍ਰੀਤਿ ॥
ਕਰਿ ਹੈਂ ਕਹਾ ਜਾਇ ਹਮ ਧਾਮ ॥ ਤੁਮਰੋ ਨੇਹੁ ਰੰਗੇ ਘਨਸਜਾਮ ॥੧੪॥੨੮੭॥੯੧੯॥
ਚੌ ॥ ਨੇਹੁ ਪਹਿਚਾਨ ਬੋਲੇ ਨੰਦ ਨੰਦ ॥ ਆਵਹੁ ਰਾਸਿ ਖਿਲੈਂ ਮੁਖਿ ਚੰਦ ॥
ਯਹਿ ਸੁਨਿ ਗੋਪੀ ਭਈ ਨਿਹਾਲ ॥ ਘੇਰ ਲੀਯੋ ਚਹੁੰ ਦਿਸਨ ਗੋਪਾਲ ॥੧੫॥੨੮੮॥੯੨੦॥
ਚੌ ॥ ਮਾਯਾ ਪ੍ਰਤਿ ਭਾਖੀ ਗੋਪਾਲ ॥ ਰਾਸਿ ਮੰਡਲ ਤੂੰ ਰਚਹੁ ਰਸਾਲ ॥
ਹਰਿ ਆਗਜਾ ਜੁਤਿ ਰਚਜਸਥਾਨ ॥ ਮਨਿਮਯ ਭੂਮਿ ਕੰਚਨ ਦੁਤਿ ਭਾਨੁ॥੧੬॥੨੮੯॥੯੨੧॥
ਚੌ ॥ ਜਮੁਨਾ ਤਟ ਅਤਿ ਬਚਿਤ੍ਰ ਰਚਾਇ ॥ ਰਾਸਿ ਮੰਡਲ ਛਿਤ ਸੁਭਗ ਸੁਹਾਇ ॥
ਬਨ ਉਪਬਨ ਹਰਯ ਵਲਿ ਛਾਉ ॥ ਸੀਤਲ ਮੰਦ ਸੁਗੰਧਿਤ ਬਾਉ ॥੧੭॥੨੯੦॥੯੨੨॥
ਚੌ ॥ ਕਰ ਸ੍ਰਿੰਗਾਰ ਲੇ ਤਾਲ ਮ੍ਰਿਦੰਗ ॥ਹਰਿ ਸੰਗ ਗਾਵਹਿ ਨਾਚਤਿ ਉਮੰਗ ॥
ਹਿਲ ਮਿਲਨਾਚਤਿ ਗਾਵਤਿ ਗੀਤਿ ॥ ਗੋਪੀ ਮਨ ਮਹਿ ਗਰਬੀ ਨਿਜ ਪ੍ਰੀਤਿ ॥
ਕ੍ਰਿਸਨ ਲਖੇ ਤਿਨ ਕਹੁੰ ਅਭਿਪ੍ਰਾਯ ॥ ਰਾਧਾ ਲੈ ਪ੍ਰੇਖਛ੍ ਭੇ ਜਦੁਰਾਯ ॥੧੮॥੨੯੧॥੯੨੩॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਰਾਸ ਕ੍ਰੀੜਾ ਰਮਨ ਸਪਤ ਬਿੰਸਤੋ ਧਜਾਯ:॥੨੭॥
ਦੋਹਰਾ । ਕ੍ਰਿਸਨ ਬਿਲੋਕੇ ਗੋਪਿਕਾ ਅਤਿ ਆਤੁਰ ਭਈ ਸੋਇ ॥
ਜਿਮ ਅਹਿ ਡੋਲਤਿ ਦੀਨ ਅਤਿ ਪ੍ਰਾਨੀ ਮਨੀ ਕਹੁ ਖੋਇ ॥ ੧॥੨੯੨॥੯੨੪॥
ਅਬਹਿ ਸਖੀ ਸੰਗ ਕਾਨ ਕੇ ਖੇਲਤਿ ਥੀ ਗਲ ਬਾਂਹ ॥
ਕਹਾ ਗਏ ਦੇਖਤਿ ਸਭੀ ਜਾਤ ਨ ਦੇਖਜੋ ਤਾਂਹ॥੨॥੨੯੩॥੯੨੫॥
ਚੌ ॥ ਕਹਾ ਗਏ ਛਲ ਹਮਹਿ ਕਨਾਈ ॥ ਢੂੰਢਤਿ ਗੋਪੀ ਕ੍ਰਿਸਨ ਗੁਨ ਗਾਈ ॥

Sri Satguru Jagjit Singh Ji eLibrary NamdhariElibrary@gmail.com

ਬਿਲਖ ਬਿਲਖ ਬਹੁ ਕਰੈ ਪੁਕਾਰਾ ॥ ਕਿਤਹਿ ਗਏ ਤਜਿ ਨੰਦ ਕੁਮਾਰਾ ॥੬॥੨੯੪॥੯੨੬॥

ਚੌ ॥ ਇਕ ਬੋਲੀ ਬ੍ਰਿਛ ਬਨ ਰਾਏ ॥ ਖਗ ਮ੍ਰਿਗ ਦੇਖੇ ਹੈਂ ਬ੍ਰਿਜਰਾਏ ॥
ਏ ਬਤਰੇ ਹੈਂ ਆਲੀ ਕਾਨ ॥ ਸਰਲ ਸੁਭਾਵ ਇਨਿ ਰਿਖਿਨ ਪਹਿਚਾਨ॥੪॥੨੯੫॥੯੨ ॥
ਆਕੁਲ ਬ੍ਰਿਹ ਸਭਿ ਪੂਛਤਿ ਭਈ ॥ ਪਰ ਉਪਕਾਰੀ ਤੁਮ ਹਮ ਪਈ॥
ਬਲਕਲ ਫਲ ਸਮਧਾ ਪੁਸਪ ਪਾਨ ॥ ਪਰਸ੍ਵਾਰਥਿ ਵਸ ਪਰਮ ਸੁਜਾਨ ॥੫॥੨੯੬॥੯੨੮॥

ਚੌ ॥ ਹੇ ਕਦੰਬ ਦਾੜਿਮ ਕਚਨਾਰ ॥ ਹੇ ਬਿੰਦੇ ਤੁਮਰੋ ਬਹੁ ਪਿਆਰ ॥
ਕ੍ਰਿਸਨ ਸਨੇਹੀ ਪਰਮ ਉਦਾਰ ॥ ਦੇਖੇ ਜਾਤ ਤੁਮ ਨੰਦ ਕੁਮਾਰ ॥੬॥੨੯੭॥੯੨੯॥

ਚੌ ॥ ਕ੍ਰਿਸਨ ਬ੍ਰਿਹ ਕਰਿ ਕ੍ਰਿਸਨ ਮਜ ਭਈ ॥ ਕ੍ਰਿਸਨ ਚਰਿਤ੍ਰ ਬਾਲਪਨ ਰਈ ॥
ਅਘ ਬਕ ਤ੍ਰਿਨਾਵਰਤ ਪੂਤਨਾ ॥ ਕ੍ਰੀੜਾ ਕ੍ਰਿਸਨ ਕਰਾਹਿ ਗੋਪਗਨਾ ॥੭॥੨੯੮॥੯੩੦॥

ਚੌ ॥ ਢੂੰਢਹਿ ਚਿਹਨ ਪਦਨ ਗੋਪਾਲਾ ॥ ਦਮਕਤਿ ਮਨਿ ਸਸਿ ਚਰਨ ਰਸਾਲਾ ॥
ਅੰਕੁਸ ਜਵ ਬਜ੍ਰ ਧ੍ਵਜ ਚਿਹਨ ॥ ਨਿਰਖੇ ਪਦ ਪੰਕਜ ਕੋ ਚਿਹਨ ॥੮॥੨੯੯॥੯੩੧॥

ਚੌ ॥ ਦ੍ਰਿਗਨ ਹਿਰਦੈ ਲਗਾਵਤਿ ਰਜਨਿ ॥ ਸਭਿ ਕੇ ਦੁਰਲਭ ਗੋਪੀ ਲਭਨਿ ॥
ਪੁਨਿ ਦੇਖੇ ਪਗ ਯੁਵਤੀ ਪਾਸ ॥ ਆਗਲ ਚਲੀ ਮਿਲਨ ਕੀ ਆਸ ॥੯॥੩੦੦॥੯੩੨॥

ਚੌ ॥ ਮੁਕਰ-ਬਿਲੋਕੇ ਧਰਨੀ ਮਾਹੁ ॥ ਕਰਨ ਲਗੀ ਸ੍ਰਿਗਾਰੀ ਕਾਹੁ ॥
ਬਦਨ ਬਿਲੋਕਨ ਕੀਨ ਸੁ ਨਾਰਿ ॥ ਕਿਧੌ ਯਹੈ ਪ੍ਰਤਿਬਿੰਬ ਬਿਚਾਰਿ ॥੧੦॥੩੦੧॥੯੩੩॥

ਚੌ ॥ ਤਿਨ ਹਿਤੁ ਕੈ ਗੌਰੀ ਸਿਵ ਸੇਵ ॥ ਰਮੀ ਇਕਾਂਤ ਛਲ ਹਮੀ ਤੁਮੇਵ ॥
ਬਿਹਰਤਿ ਰਾਧਾ ਨੰਦਕੁਮਾਰ ॥ ਹਰਿ ਵਸਿ ਅਪਨੇ ਜਾਨ ਅਤਿ ਪਿਆਰ ॥੧੧॥੩੦੨॥ ੯੩੪॥

ਚੌ ॥ ਕਹਨ ਲਗੀ ਚਲ ਮਗ ਨ ਸਕਾਹਿ ॥ ਕਾਂਧ ਚਢਾਇ ਮੁਝੈਂ ਮਗ ਜਾਹਿ ॥
ਕ੍ਰਿਸਨ ਕਹੇ ਚਢ ਕਾਂਧ ਹਮਾਰ॥ ਬੈਠੇ ਕਾਂਧ ਚੌਪ ਜਦੁਰਾਇ ॥੧੨॥੩੦੩॥੯੩੫॥

ਚੌ ॥ ਪਾਨ ਉਚਾਯੋ ਅੰਤਰਿਧਯਾਨ ॥ ਭਏ ਕ੍ਰਿਸਨ ਅੰਤਰ ਗਤਿ ਜਾਨ ॥
ਆਨਨ ਛਬਿ ਸਸਿ ਕੰਜ ਦੁਰਾਈ ॥ ਨਿਰਖਯੋ ਨਾਹਿਨ ਜਬਹਿ ਕਨਾਈ ॥੧੩॥੩੦੪॥੯੩੬॥

ਚੌ ॥ ਗਿਰੀ ਧਰਨਿ ਪਰ ਲਤਾ ਸੁਹਾਇ ॥ ਫੂਲੀ ਚਲੀ ਅਪਸਰਾ ਪ੍ਰਾਇ ॥
ਰੋ ਰੋ ਟੇਰ ਤਹਾ ਬ੍ਰਿਜਰਾਜ ॥ ਮਗਹਾ ਲੂਟੇ ਹੈਤ ਅਸਾਜ ॥੧੪॥੩੦੫॥੯੩੭॥

ਚੌ ॥ ਭ੍ਰਮਰ ਕੁਚਨ ਪਰਸਤਿ ਗੁੰਜਾਰ ॥ ਟਾਰ ਨ ਸਕਤਿ ਬ੍ਰਿਹਨਿ ਸੁ ਕਵਾਰ ॥
ਬ੍ਰਿਹਨਿ ਰੋਤਿ ਬਿਰਹੀ ਰੋਵਾਹੀ ॥ ਜੋਤਿਕ ਖਗ ਮ੍ਰਿਗ ਬ੍ਰਿਛ ਸਬਾਹੀ ॥੧੫॥੩੦੬॥੯੩੮॥

ਚੌ ॥ ਸਖੀ ਸਭਿ ਢੂਢਤਿ ਆਲੀ ਪਾਸ ॥ ਤਿਹ ਦੁਖ ਅਪਨੇ ਲੀਨਿ ਮਨਾਸ ॥
ਸੰਗ ਹੋਇ ਸਭਿ ਢੂੰਢਤਿ ਸਜਾਮ ॥ ਰੋਵਤਿ ਬ੍ਰਿਜ ਲਲਨਾ ਸੁਖ ਧਾਮ ॥੧੬॥੩੦੭॥ ੯੩੯॥

Sri Satguru Jagjit Singh Ji eLibrary NamdhariElibrary@gmail.com

ਚੌ ।। ਸਸਿ ਮਰੀਚ ਲਗ ਸੋਝੀ ਲਹੀ ।। ਅੰਧਯਾਰੇ ਭੂਲੀ ਪ੍ਰਥਮ ਹੀ ।।
ਢੂੰਢੇ ਬਨ ਕੁੰਜਨ ਬ੍ਰਿਜਰਾਇ ।। ਜਾਇ ਪਹੁੰਚੀ ਜਮੁਨਾ ਤਟਵਾਇ ।।
ਜਹਾ ਰਚੇ ਬਹੁ ਕਰੇ ਬਿਹਾਰ ।। ਤਿਹ ਠਾਂ ਚਲਿ ਆਈ ਸਭਿ ਨਾਰਿ ।।੧੭।।੩੦੮।।੬੪੦।।
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਗੋਪੀ ਬ੍ਰਿਹ ਬਿਲਾਪ ਅਸ੍ਰੂ ਬਿੰਸਤੋ ਧਯਾਯ: ।।੨੮।।
ਚੌਪਈ ।। ਜਮੁਨਾ ਕੁਲ ਸਭੈ ਬ੍ਰਿਜ ਨਾਰੀ ।। ਰੋਵਹਿ ਕ੍ਰਿਸਨ ਬਿਯੋਗ ਦੁਖਾਰੀ ।।
ਗੋਪੀਬਾਚ ।। ਛਾਡ ਨਿਠੁਰਤਾ ਬੇਗ ਮਿਲੀਜੈ ।। ਪ੍ਰਾਨ ਦਾਨ ਦਾਸੀਂ ਕਉ ਦੀਜੈ ।।੧।।੩੦੬।।੬੪੧।।
ਚੌ ।। ਬਿਖ ਡਉ ਬਾਰਿ ਤੇ ਹਮਹ ਬਚਾਇ ।। ਯਾ ਨਮਿਤ ਗੋਪੀ ਬ੍ਰਿਜਰਾਇ ।।
ਤੁਮ ਹੋ ਆਦਿ ਪੁਰਖੁ ਕਰਤਾਰ ।। ਜਸੁਧਾ ਸੁਤ ਮੇਟਨ ਭਈ ਭਾਰ ।।੨।।੩੧੦।।੬੪੨।
ਚੌ ।। ਜਬਿ ਤੁਮ ਬਨ ਮਹਿ ਧੇਨੁ ਚਰਾਵਤਿ ।। ਹੋਮ ਘਰ ਬੈਠੀ ਧਯਾਨ ਲਗਾਵਤਿ ।।
ਚਾਰ ਪਹਿਰ ਦਿਨ ਜੁਗਨ ਸਾਮਾਨ ।। ਬੀਤਤਿ ਮੁਝ ਤੁਮ ਬਿਨੁ ਭਗਵਾਨ ।।੩।।੩੧੧।।੬੪੩।।
ਚੌ ।। ਸੰਧਯਾ ਮਗ ਗਹ ਸਕਲ ਲੋਗਾਈ ।। ਨਿਰਖਤਿ ਥੀ ਹਮ ਤੁਮਹਿ ਕਨਾਈ ।।
ਬ੍ਰਹਮਾ ਮੂਢ ਪਲਕ ਚਛੁ ਦੀਨ ।। ਪਲਕ ਨ ਪਰਤ ਵੇਟ ਕਰ ਲੀਨ ।।੪।।੩੧੨।।੬੪੪।।
ਚੌ ।। ਇਤੋ ਬਿਛੋਹ ਨ ਸਹਿਤ ਤੁਮਾਰਾ ।। ਏਤੋ ਚਿਰ ਨਹ ਸਹੈ ਬ੍ਰਿਜਨਾਰਾ ।।
ਅਸ ਕਹ ਰੋਇ ਉਠੀ ਬ੍ਰਿਜ ਬਾਲ ।। ਸੁਨ ਕਰ ਦੁਖਿ ਚਰ ਅਚਰ ਬਿਹਾਲ ।।੫।।੩੧੩।।੬੪੫।।
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਗੋਪੀ ਬਨ ਬ੍ਰਿਲਾਪ ਊਨ ਤ੍ਰਿੰਸਤੋ ਧਯਾਯ: ।।੨੯।।
ਚੌਪਈ ।। ਗੋਪੀ ਦੁਖੀ ਜਾਨਿ ਘਨਸਯਾਮ ।। ਪ੍ਰਗਟੇ ਤਿਨ ਮਧਯ ਹਰਿ ਸੁਖਧਾਮ ।।
ਸੁਖਿਤ ਭਈ ਬ੍ਰਿਜ ਲਲਨਾ ਸਕਲ ।। ਨਿਰਖੇ ਚੰਦ੍ਰਬਦਨ ਮੁਖ ਕਮਲ ।।੧।।੩੧੪।।੬੪੬।।
ਚੌ ।। ਚਹੁੰ ਦਿਸ ਮੋਹਨ ਘੇਰਜੋ ਆਇ ।। ਬ੍ਰਿਹ ਸਮੁਦ੍ ਤੇ ਨਿਕਰੀ ਧਾਇ ।।
ਓਢਨਿ ਸਖੀ ਤਲਪ ਹਰਿ ਦੀਨ ।। ਤਾਹਿ ਬੈਠਾਰੇ ਸਯਾਮ ਪ੍ਰਬੀਨ ।।੨।।੩੧੫।।੬੪੭।।
ਚੌ ।। ਉਰਾਹਨੁ ਦੇਤਿ ਕੁਪ ਗੋਪੀਕਾਨ ।। ਕਪਟੀ ਸਖੀ ਇਨਹਿ ਪਹਿਚਾਨ ।।
ਇਕ ਬੋਲੀ ਤਾ ਮਹਿ ਬਰ ਨਾਰਿ ।। ਮੋਹਨ ਮੁਖ ਸ੍ਰਿਨਵੈ ਨਿਰਧਾਰ ।।੩।।੩੧੬।।੬੪੮।।
ਗੋਪੀਬਾਚ ਚੌ ।। ਬਿਨਾ ਕੀਏ ਗੁਨ ਪ੍ਰਗਟੇ ਜੋਇ ।। ਐਸੋ ਸਜਨ ਬਿਰਲਾ ਕੋਇ ।।
ਗੁਨ ਕਰ ਗੁਨ ਪ੍ਰਗਟੇ ਹੈ ਏਕ ।। ਗੁਨ ਪਲਟੇ ਅਉਗੁਨ ਅਬਿਬੇਕ ।।੪।।੩੧੭।।੬੪੯।।
ਚੌ ।। ਕੀਏ ਗੁਨ ਕਹ ਧਰਹਿ ਨ ਚੀਤਿ ।। ਇਨ ਚਾਰਹੁ ਮਹਿ ਹਿਤੁ ਅਨਹੀਤੁ ।।
ਕਾਨਜੂਵਾਚ ।। ਉਤਮ ਵਹੈ ਕੀਏ ਬਿਨੁ ਕਰੈ ।। ਜਿਮ ਪਿਤੁ ਸਿਸੁ ਪ੍ਰਤਿ ਗੁਨ ਹਿਤ ਧਰੈ ।।
।।੫।।੩੧੮।।੬੫੦।।

Sri Satguru Jagjit Singh Ji eLibrary NamdhariElibrary@gmail.com

ਚੌ ॥ ਕੀਏ ਕਰਮ ਕੌ ਪੁੰਨਨ ਕੇ ॥ ਬਾਟੇ ਹਿਤ ਗੰਪਯ ਕਹਂ ਦੇ ॥
ਗੁਨ ਪਲਟੈ ਅਉਗਨ ਕਹ ਸਰੈ ॥ ਅਸਜਨ ਜਾਨਹਿ ਤਿਹ ਆਸ ਕਰੈ ॥੬॥੩੧੬।੬੫੧॥
ਚੌ ॥ ਸਭਿ ਤੇ ਨੀਚ ਅਕ੍ਰਿਤਘਨ ਜਾਨ ॥ ਕੀਏ ਨ ਮੇਟਹਿ ਗੁਨਹਿ ਸਜਾਨ ॥
ਚਿਤਵਤ ਏਕ ਏਕ ਕਹ ਨਾਰ ॥ ਮੋਹਨ ਮਨ ਮਹਿ ਸੰਕਾ ਧਾਰ ॥੭॥੩੨੦॥੬੫੨॥
ਕਾਨਜੂਬਾਚ ਚੌ ॥ ਮੈ ਉਨ ਚਾਰਹੁੰ ਮਹਉਂ ਸੁਨਾਹ ॥ ਪ੍ਰੀਤਿ ਪ੍ਰੀਖ੍ਯਜਾ ਕਰਜੋ ਤੁਮ ਪਾਹ ॥
ਤੁਮਰੀ ਪ੍ਰੀਤਿ ਰੀਤਿ ਪਹਿਚਾਨੀ ॥ ਕੀਯੋ ਸਨੇਹ ਤਜਿ ਲਾਜ ਲੋਕਾਨੀ ॥
ਤੁਮਰੋ ਪਲਟੋ ਦੀਯੋ ਨ ਜਾਇ ॥ ਪ੍ਰੀਤਿ ਤਿਹਾਰੀ ਸ੍ਰੋਸ੍ਰਿ ਅਧਿਕਾਇ ॥੮॥੩੨੧॥੬੫੩॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਗੋਪੀ ਕ੍ਰਿਸ਼ਨ ਸੰਬਾਦੇ ਤ੍ਰਿੰਸਤੋ ਧਜਾਯ: ॥੩੦॥
ਚੌਪਈ ॥ ਸੁਨਿ ਗੋਪੀ ਹਰਿ ਤੇ ਇਮ ਬੈਨ ॥ ਖੇਲਨ ਲਗੀ ਸੰਗ ਰਾਜਿਵ ਨੈਨ ॥
ਅਨਿਕ ਰੂਪ ਤਦ ਭਏ ਕਨਾਈ ॥ ਖੇਡਤਿ ਗੋਪੀ ਸੰਗ ਬ੍ਰਿਜਰਾਈ ॥੧॥੩੨੨॥੬੫੪।
ਚੌ ॥ ਇਕ ਇਕ ਗੋਪੀ ਇਕ ਇਕ ਕਾਨ ॥ ਸਾਵਰਿ ਗੌਰੀ ਸੁਭਗ ਸੁਜਾਨ ॥
ਦਰਸਹਿ ਤਾਂ ਮਹਿ ਨੰਦਕਿਸੋਰ ॥ ਸ ਸ਼ਾਮ ਘਟਾ ਮ ਹਿ ਅਭਰਨ ਕੋਰ ॥੨॥੩੨੩॥੬੫੫॥
ਚੌ ॥ ਗਾਵਤਿ ਰਾਗਨ ਉਘਟਤ ਤਾਲ ॥ ਖਗ ਮ੍ਰਿਗ ਨੀਰ ਸਮੀਰ ਰਸਾਲ ॥
ਧੁਨਿ ਸੁਨਿ ਮੋਹੇ ਸੁਰ ਸੁਰਨਾਰਿ ॥ ਠਠਕਤਿ ਭੇ ਮਗ ਗਵਨ ਬਿਸਾਰ ॥੩॥੩੨੪॥੬੫੬।
ਚੌ ॥ ਟੂਟਤਿ ਮੁਕਤਾ ਗੋਪੀ ਹਾਰ ॥ ਛਟਕਤਿ ਬਨਮਾਲਾ ਸੁਭ ਚਾਰ ॥
ਕ੍ਰੀੜਤਿ ਗੋਪੀ ਮੋਹਨ ਰਾਸਿ ॥ ਰਾਧਾ ਨਾਚਿਤ ਪਰਮ ਬਿਲਾਸ ॥੪॥੩੨੫॥੬੫੭।
ਚੌ ॥ ਨਾਚਤਿ ਗੋਪੀ ਗਾਵਤਿ ਕਾਨ੍ਹ ॥ ਸੁਰ ਧੁਨਿ ਪੂਰਤਿ ਉਘਟਤਿ ਤਾਨ ॥
ਸੁਰ ਯੁਵਤਿਨ ਈਰਖਾ ਚਿਤ ਕਰੈ॥ ਹਉਂ ਨਹਿ ਭਈ ਬ੍ਰਿਜ ਯੁਵਤੀ ਰਰੈ ॥੫॥੩੨੬॥੬੫੮॥
ਚੌ ॥ ਖਟ ਮਾਸਨ ਕੌ ਰੈਨਿ ਹਰਿ ਕੀਨ ॥ ਲਖੇ ਨ ਕਾਹੂ ਜਤਨ ਪ੍ਰਬੀਨ ॥
ਗੋਪੀ ਲੈ ਜਮੁਨਾ ਜਲ ਮਾਹ ॥ ਕ੍ਰੀੜਤਿ ਸਰਮ ਮਿਟਾਵੈ ਤਾਹਿ ॥੬॥੩੨੭॥੬੫੯॥
ਚੌ ॥ ਕੀਨ ਮਨੋਰਥ ਪੂਰਨ ਸਜਾਮ ॥ ਬ੍ਰਿਜ ਲਲਾ ਨੰਦ ਪਤਿ ਅਭਿਰਾਮ ॥
ਬਹੁਰ ਕਹਜੋ ਅਬ ਭਯੋ ਭੂਨਸਾਰ ॥ ਜਾਵਹੁ ਤੁਮ ਅਪਨੇ ਗ੍ਰਿਹ ਬਾਰਿ ॥੭॥੩੨੮॥੬੬੦॥
ਚੌ ॥ ਗੋਪੀ ਸੁਨਿ ਭਈ ਪਰਮ ਉਦਾਸ ॥ ਲੇਨਿ ਲਗੀ ਸਭਿ ਊਭੈ ਸਾਸ ॥
ਕ੍ਰਿਸਨ ਸੰਤੋਖੀ ਗਜਾਨ ਦ੍ਰਿੜਾਇ ॥ ਜਹ ਸਿਮਰੋ ਤੁਮ ਤਹਾਂ ਦਰਸਾਇ ॥੮॥੩੨੯॥੬੬੧॥
ਚੌ ॥ ਜਿਮ ਜੋਗੀ ਮੁਝ ਧਰੇ ਧ ਜ਼ਾਨ ॥ ਤਿਮ ਤੁਮ ਮੋ ਮੈ ਹੋਹੁ ਸਾਵਧਾਨ ॥
ਬਿਦਾ ਹੋਇ ਗ੍ਰਿਹ ਲਲਨਾ ਸਭੀ ॥ ਪ੍ਰਾਪਤਿ ਭੀ ਕਿਹ ਭੇਦ ਨ ਲਹੀ ॥੯॥੩੩੦॥੬੬੨॥
ਪ੍ਰੀਖ੍ਤ ਬਾਚ ਚੌ ॥ ਪ੍ਰੀਖ੍ਤ ਕਹਤਿ ਕ੍ਰਿਸਨ ਕਰਤਾਰ ॥ ਸ੍ਰਿਤਿ ਬਸੁਧਾ ਹਿਤ ਲੀਨ ਅਵਤਾਰ ॥

Sri Satguru Jagjit Singh Ji eLibrary NamdhariElibrary@gmail.com

ਪਰ ਨਾਰੀ ਕਿਮ ਭਜੇ ਸਨੇਹ ॥ ਉਪਜਜੋ ਮੋਰ ਹਿਰਦੈ ਸੰਦੇਹ ॥੧੦॥੩੩੧॥੬੬੩॥
ਸ੍ਰੀ ਸੁਕੋਵਾਚ ਚੌ ॥ ਬੋਲੇ ਸ੍ਰੀ ਸੁਕ ਸੁਨਹੁ ਭੂਪਾਲ ॥ ਸਮਰਥ ਕੋ ਨਹਿ ਦੇਖ ਕੋਊ ਕਾਲ ॥
ਪੂਰਬ ਤੁਮ ਕੋ ਕਹੋ ਬਖਾਨ ॥ ਗੋਪੀ ਬੇਦ ਰਿਚਾ ਪਹਿਚਾਨ ॥੧੧॥੩੩੨॥੬੬੪॥
ਚੌ ॥ ਰਾਧਾ ਬ੍ਰਹਮਾ ਸੋ ਵਰ ਪਾਏ ॥ ਕ੍ਰੀੜਤਿ ਹਰਿ ਸੰਗ ਜਗ ਮਹਿ ਆਏ ॥
ਹਰਿ ਅਲੇਪ ਕਛੁ ਲੇਪ ਨ ਤਾਹਿ ॥ ਜੈਸੇ ਜਲ ਮਹਿ ਕੰਜ ਰਹਾਹਿ ॥੧੨॥੩੩੩॥੬੬੫॥
ਚੌ ॥ ਨਾਮ ਲੇਤ ਸਭਿ ਪ੍ਰਾਛਿਤਿ ਜਾਏ ॥ ਗੋਪੀ ਨਾਥ ਜੋ ਮੁਖਹੁੰ ਅਲਾਏ ॥
ਸੁਨੁ ਭੂਪਾਲ ਇਹੁ ਬਚਨ ਰਸਾਲ ॥ ਹਰਿ ਹਰਿ ਸੰਗ ਸਦ ਭਗਤ ਸੁਖਾਲ ॥੧੩॥੩੩੪॥੬੬੬॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਏਕ ਤ੍ਰਿੰਸਤੋ ਧਯਾਯ: ॥੩੧॥
ਚੌਪਈ ॥ ਨੰਦ ਅੰਬਿਕਾ ਪੂਜਾ ਰਚਾ ॥ ਦ੍ਵਾਦਸਿ ਬਰਖ ਕੋ ਕ੍ਰਿਸਨਜਦ ਲਖਾ ॥
ਭਾਂਤਿ ਅਨੇਕ ਪੂਜਾ ਕੋ ਸਾਜ ॥ ਚਲੇ ਕੁਟੰਬ ਜੁਤ ਨੰਦ ਬ੍ਰਿਜਰਾਜ ॥੧॥੩੩੫॥੬੬੭॥
ਚੌ ॥ ਗਾਵਤਿ ਮੰਗਲਚਾਰ ਬ੍ਰਿਜ ਨਾਰਿ ॥ ਪਹੁੰਚੇ ਸਕਲ ਅੰਬਿਕਾ ਦ੍ਵਾਰ ॥
ਬਿਧਿਵਤ ਪੂਜ ਅੰਬਿਕਾ ਕੀਨੁ ॥ ਧੂਪ ਦੀਪ ਨਈਬੇਦ ਪ੍ਰਬੀਨੁ ॥੨॥੩੩੬॥੬੬੮॥
ਚੌ: ਨੰਦ ਬਾਚ ॥ ਹਾਥ ਜੋੜ ਬਹੁ ਬਿਨਤੀ ਠਾਨ ॥ ਦ੍ਵਾਦਸਿ ਬਰਖ ਕੋ ਭਜੋ ਮਾ ਕਾਨ ॥
ਬਿਪ੍ਰ ਜਿਵਾਏ ਦੇਵੀ ਹੇਤ ॥ ਰਾਤ੍ਰਿ ਰਹੇ ਕੁਟੰਬ ਸਮੇਤ ॥੩॥੩੩੭॥੬੬੯॥
ਚੌ ॥ ਅਰਧ ਨਿਸਾ ਮਹਿ ਏਕ ਬ ਜਾਲ ॥ ਆਇ ਗਹੈ ਪਗ ਪਿਤੁ ਨੰਦਲਾਲ ॥
ਨੰਦ ਪੁਕਾਰਜੋ ਕ੍ਰਿਸਨ ਤਿਹ ਕਾਲ ॥ ਲੀਲਤਿ ਮੋਕਹ ਘੋਰ ਬਯਾਲ ॥੪॥੩੩੮॥੬੭੦॥
ਚੌ ॥ ਸਭਿ ਬ੍ਰਿਜਬਾਸੀ ਧਾਇ ਤਿਹ ਕਾਲ ॥ ਤਿਨ ਸੰਗ ਧਾਏ ਸ੍ਰੀ ਗੋਪਾਲ ॥
ਚਰਨ ਪ੍ਰਹਾਰ ਅਜਗਰ ਕਹ ਦੀਨ ॥ਦੇਹ ਛਾਡ ਨਰ ਵਪੁ ਕਉ ਲੀਨ॥੫॥੩੩੯॥੬੭੧॥
ਕਾਨਜੂ ਬਾਚ ਚੌ ॥ ਬੋਲੇ ਕ੍ਰਿਸਨ ਕਉਨ ਤੈਂ ਆਹਿ ॥
ਬਿਦਜਾਧਰ ਬਾਚ ॥ ਨਾਮ ਸੁਦਰਸਨ ਬਿਦਜਾਧਰ ਨਾਹਿ ॥
ਰੂਪਵਾਨ ਗੁਨਵਾਨ ਬਿਸੇਖ ॥ ਸਭਿ ਤੇ ਆਪ ਕਹ ਗੁਨਨ ਬਿਸੇਖ ॥੬॥੩੪੦॥੬੭੨॥
ਚੌ ॥ ਅੰਗੁਰਾ ਰਿਖੀ ਜਹਾਂ ਤਪ ਠਾਨ ॥ ਬਹੁਤ ਭਾਂਤਿ ਹਉ ਪ੍ਰੇਰਜੋ ਬਿਵਾਨ ॥
ਕ੍ਰੋਧ ਹੋਇ ਰਿਸਿ ਸ੍ਰਾਪ ਮੁਝ ਦੀਨ ॥ ਤਿਹ ਅਉਸਰ ਬਿਸਧਰ ਵਪੁ ਲੀਨ ॥
ਉਧਾਰ ਹੇਤੁ ਚਰਨ ਨੰਦ ਗਹੋ ॥ ਰਿਖਿ ਕੋ ਬਚ ਜਾਨ ਸੋ ਲਹੋ ॥੭॥੩੪੧॥੬੭੩॥
ਚੌ ॥ ਚਢਿ ਬਿਵਾਨ ਸੁਰਪੁਰ ਕੋ ਗਯੋ ॥ ਬਿਦਜਾਧਰ ਉਧਾਰ ਮੁਨਿ ਕਹ ਜੋ ॥
ਚਕ੍ਰਿਤ ਭਏ ਸਭੀ ਬ੍ਰਿਜ ਲੋਗ ॥ ਹੋਤ ਪ੍ਰਾਤ ਘਰਿ ਆਇ ਸੰਜੋਗ॥੮॥੩੪੨॥੬੭੪॥
ਚੌ ॥ ਕ੍ਰਿਸਨ ਬਲਰਾਮ ਜੁਤਿ ਗੋਪੀ ਗ੍ਵਾਲ ॥ ਨਿਸ ਚਾਂਦਨੀ ਕ੍ਰੀੜਤਿ ਬ੍ਰਿਜ ਬਾਲ ॥

Sri Satguru Jagjit Singh Ji eLibrary NamdhariElibrary@gmail.com

ਸੰਖ ਚੂੜ ਜਛ ਤਹਿ ਆਯੋ ॥ ਗੋਪੀ ਘੇਰ ਲੀਜੋ ਧਰਾਜੋ ॥੯॥੩੪੩॥੯੭੫।
ਚੌ ॥ ਟੇਰਤਿ ਗੋਪੀ ਲੈ ਲੈ ਨਾਮ ॥ ਰਛਜਾ ਕਰੋ ਕ੍ਰਿਸਨ ਬਲਰਾਮ ॥
ਧਾਏ ਕ੍ਰਿਸਨ ਰੂਖ ਲੈ ਹਾਥ ॥ ਭਾਜਜੋ ਜਛ ਛੋਡਿ ਤਿਨ ਸਾਥ ॥੧੦॥੩੪੪॥੯੭੬।
ਚੌ ॥ ਗੋਪੀ ਲੈ ਬਲ ਰਾਖਛੁਸ ਸਿਧਾਏ ॥ ਸੰਖਚੂੜ ਕੋ ਗੋਬਿੰਦ ਘਾਏ ॥
ਮਣਿ ਤਿਸ ਦੀਨਿ ਬਲ ਭਗਵਾਨੁ ॥ ਮਾਰਜੋ ਜਛ ਗੋਪੀ ਕਰ ਤ੍ਰਾਨੁ ॥੧੧॥੩੪੫॥੯੭੭॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਸੰਖਚੂੜ ਬਧ ਦ੍ਵੈ ਤ੍ਰਿੰਸਤੋ ਧਯਾਯ: ॥੩੨॥
ਸ੍ਰੀ ਸੁਕੋਵਾਚ ਚੌਪਈ ॥ ਨਿਤ ਉਠ ਗੋਪੀ ਕ੍ਰਿਸਨ ਗੁਣ ਗਾਏ॥ ਹਿਰਦੈ ਜੁੜਾਵਤਿ ਅਪੁਨਹਿ ਭਾਏ ॥
ਜੇ ਜੇ ਲੀਲਾ ਕਾਨਰ ਕੀਨ ॥ ਗ੍ਰਿਹ ਮਹਿ ਗੋਪੀ ਕਰਤਿ ਪ੍ਰਬੀਨ ॥੧॥੩੪੬॥੯੭੮॥
ਚੌ ॥ ਸਾਂਝ ਪੜੇ ਮਗ ਮੋ ਦਰਸਾਇ ॥ ਲੈ ਜਾਵਾ ਸਖਾ ਕਾਨ ਲੁਭਾਇ ॥
ਪ੍ਰੇਮ ਸਹਿਤ ਮੁਖ ਪੋਛਤ ਮਾਇ ॥ ਕਹੀ ਮੁਨੀਸ ਗੀਤ ਗੋਪਿਕਾ ਗਾਇ ॥੨॥੩੪੭॥੯੭੯॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਗੋਪਿਕਾ ਗੀਤ ਬਰਨਨੰ ਤ੍ਰਯਤ੍ਰਿੰਸਤ ਧਯਾਯ: ॥੩੩॥
ਚੌਪਈ ॥ ਗਾਵਤਿ ਗੋਪੀ ਗੁਨ ਗੋਪਾਲ ॥ ਜਸੁਧਾ ਢਿਗ ਬ੍ਰਿਜ ਯੁਵਤੀ ਗ੍ਵਾਲ ॥
ਕ੍ਰਿਸਨ ਬਲਦੇਵ ਬਨ ਟੇਰਤਿ ਬੇਨੁ ॥ ਬੰਸੀ ਬਟ ਤਰਿ ਚਰਾਵਤਿ ਧੇਨੁ ॥੧॥੩੪੮॥੯੮੦॥
ਚੌ ॥ ਧੁਨਿ ਸੁਨਿ ਖਗ ਮ੍ਰਿਗ ਮੋਹੇ ਬਹੁ ਭਾਇ ॥ ਨੀਰ ਸਮੀਰ ਤਹ ਰਹੇ ਉਰਝਾਇ ॥
ਚਹੁ ਦਿਸ ਘਨ ਹਰ ਝੁਕ ਝੁਕ ਪਰੇ ॥ ਮਾਨਹੁ ਪਾਵਨ ਘਨ ਚਾਮਰ ਢੁਰੇ ॥੨॥੩੪੯॥੯੮੧॥
ਚੌ ॥ ਸਾਂਝ ਪਰੇ ਮਗ ਗੋਪੀ ਆਇ ॥ ਨੈਨ ਜੁੜਾਵਤਿ ਸਜਾਮ ਦਰਸਾਇ ॥
ਜਸੁਧਾ ਮੁਖ ਪੋਛਤਿ ਉਰ ਲਾਇ ॥ ਨਿਤ ਪ੍ਰਤਿ ਮੋਹਨ ਧੇਨੁ ਚਰਾਇ ॥
ਬਨ ਮਹਿ ਜਾਵਹਿ ਧੇਨੁ ਚਰਾਇੰ ॥ ਗੋਪੀ ਗ੍ਰਿਹ ਮਹਿ ਹਰਿ ਗੁਨ ਗਾਇੰ ॥੩॥੩੫੦॥੯੮੨॥
ਇਤਿ ਸ੍ਰੀ ਦਸਮ ਸਕੰਧੇ ਮਹਾ ਪੁਰਾਣੇ ਗੋਪੀ ਗੀਤ ਬਰਨਨੰ ਚਤੁਰ ਤ੍ਰਿੰਸਤੋ ਧਯਾਯ:॥੩੪॥
ਚੌਪਈ ॥ ਸਾਂਝ ਸਮਯ ਗੌ ਲੈ ਨੰਦਲਾਲ ॥ ਬ੍ਰਿੰਦਾ ਬਨ ਆਵਤਿ ਗੋਪਾਲ ॥
ਅਸੁਰ ਏਕ ਬ੍ਰਿਸਭ ਤਨੁ ਧਾਰ ॥ ਮਹਾ ਭਯੰਕਰ ਰੂਪ ਅਪਾਰ ॥੧॥੩੫੧॥੯੮੩॥
ਚੌ ॥ ਖੁਰ ਸੇ ਧਰਨੀ ਮਰਦਨ ਕਰੈ ॥ ਅਤਿ ਨਿਡਰ ਦੁੰਕੈ ਜਨ ਡਰੈਂ ॥
ਅੰਤਰ ਧਯਾਨ ਦੇਵਤਾ ਭਏ ॥ ਥਰਹਰ ਗ੍ਵਾਲ ਕ੍ਰਿਸਨ ਢਿਗ ਗਏ ॥੨॥੩੫੨॥੯੮੪॥
ਚੌ ॥ ਕ੍ਰਿਸਨ ਲਲਕਾਰਜੋ ਅਸੁਰ ਢਿਗ ਜਾਇ ॥ ਕਾਲ ਤੇਰੋ ਮੈਂ ਪਹੁੰਚ ਜੋ ਆਇ ॥
ਕਪਟ ਬੇਸ ਧਰ ਤੂ ਯਾ ਕਾਲ ॥ ਤੋਸੇ ਘਨੇ ਪਠੇ ਯਮਸਾਲ ॥੩॥੩੫੩॥੯੮੫॥
ਚੌ ॥ ਪੂਛ ਉਠਾਇ ਦੇ ਸ੍ਰਵਨ ਉਚਾਇ ਧਾਯੋ ॥ ਕ੍ਰੋਧ ਹੋਇ ਸੋ ਸ੍ਰਿੰਗ ਚਲਾਯੋ ॥

Sri Satguru Jagjit Singh Ji eLibrary NamdhariElibrary@gmail.com

ਦਾਉ ਪੇਚ ਸੋਂ ਕ੍ਰਿਸਨ ਗਿਰਾਯੋ ॥ ਬਹੁਰ ਝਪਟ ਕਰ ਕਿਸ਼ਨ ਹਟਾਯੋ ॥੪॥੩੫੪॥੬੬੬॥
ਚੌ ॥ ਬਹੁਰ ਪੇਚ ਕਰ ਪਟਕਯੋ ਸਜਾਮ ॥ ਗ੍ਰੀਵਾ ਐਂਠ ਪਠਯੋ ਜਮਧਾਮ ॥
ਦੇਵ ਦੁਖ ਹਰਿ ਸੁਮਨ ਬਰਖਾਹਿੰ ॥ ਆਇ ਗੋਪ ਸਭਿ ਹਰਿਜਸ ਗਾਹਿੰ ॥੫॥੩੫੫॥੬੬੭॥
ਰਾਧਾ ਬਾਚ ਚੌ ॥ ਬ੍ਰਿਸਭ ਹਤਯਾ ਕੋ ਪ੍ਰਾਛਿਤ ਕਰੋ ॥ ਤੀਰਥ ਰਟਨ ਮੋਹਨ ਬ੍ਰਤ ਧਰੋ ॥
ਕਾਨ ਜੂ ਬਾਚ ॥ ਘਰ ਹੀ ਮਹਿ ਸਭਿ ਤੀਰਥ ਸੇਵ ॥ ਅਸ ਕਹ ਬ੍ਰਿਜ ਆਏ ਹਰਿ ਦੇਵ ॥
ਗੋਬਰਧਨ ਢਿਗ ਤਾਲ ਦਿਵਾਇ ॥ ਮੰਤ੍ਰ ਸਕਤਿ ਸਭਿ ਤੀਰਥਿ ਆਇ ॥੬॥੩੫੬॥੬੬੮॥
ਚੌ ॥ ਨਿਜ ਨਿਜ ਨਾਮਨ ਹਰਿਹਿ ਸੁਨਾਇ ॥ ਤਾ ਮਹਿ ਕ੍ਰਿਸ ਸੁਚ ਅੰਗ ਕਰਾਇ ॥
ਗਈਆ ਬਿਧਿ ਵਤ ਦਿਜਨ ਹਰਿ ਦੀਨ ॥ ਪ੍ਰਾਛਿਤ ਬ੍ਰਿਸਭ ਕੋਦੂਰ ਹਰਿ ਕੀਨ ॥੭॥੩੫੭॥੬੬੯॥
ਚੌ ॥ ਇਕ ਦਿਨ ਨਾਰਦ ਕੀਨ ਪਜਾਨ ॥ ਕੰਸ ਰਾਜਧਾਨੀ ਮੁਨੀ ਸੁਜਾਨ ॥
ਭੇਦ ਸਕਲ ਕੰਸਹਿ ਕਹਿ ਦੀਨ ॥ ਜਾ ਬਿਧ ਪੁਤ੍ਰ ਪਲਟਾ ਉਨ ਕੀਨ ॥੮॥੩੫੮॥੬੭੦॥
ਚੌ ॥ ਕ੍ਰੂਧ ਬਢਵਾਇ ਕੰਸ ਮੁਨਿਰਾਇ ॥ ਬਸੁਦੇਵ ਦੇਵਕੀ ਬੰਧਨ ਮਹਿ ਨਾਇ ॥
ਹਸਤ ਪਾਦ ਸੰਗਲ ਦੇ ਭਰੇ ॥ ਭਗਨੀ ਬਹਿਨੋਊ ਬੰਦੀ ਕਰੇ ॥੯॥੩੫੯॥੬੭੧।
ਕੰਸਬਾਚ ਦੋ ॥ ਬਾਹਰ ਸੱਜਨਤਾ ਕਰੀ ਅੰਤਰ ਕਪਟ ਬਿਸੇਖ ॥
ਸੁਤ ਪਲਟੇ ਤੈਂ ਕਪਟ ਕਰਿ ਦੇਵੀ ਕਹਯੋ ਸੰਦੇਸ ॥੧੦॥੩੬੦॥੬੭੨॥
ਚੌਪਈ ॥ ਖੜਗ ਤਾਨ ਮਾਰਨ ਕਹ ਗਯੋ ॥ ਨਾਰਦ ਕੰਸ ਸਮਝਾਵਨਿ ਲਯੋ ॥
ਅਬ ਉਦਮ ਕੀਜਹਿ ਭੂਪਾਲ ॥ ਰੋਹਨੀ ਸੁਤ ਅਉ ਹਨੁ ਗੋਪਾਲ ॥੧੧॥੩੬੧॥੬੭੩॥
ਚੌ ॥ ਨਾਰਦ ਪਧਰੇ ਕੋਪ ਜਗਾਇ ॥ ਕੈਸੀ ਕੋ ਬਹੁ ਕੰਸ ਸਮੁਝਾਇ ॥
ਬੰਦਨ ਕਰ ਤਿਨ ਕੇਸੀ ਚਲੋ ॥ ਸਾਲ ਤੁਸਾਲ ਚਾਂਡੂਰਹ ਭਲੋ ॥੧੨॥੩੬੨॥੬੭੪॥
ਚੌ ॥ ਤਿਨ ਪਹਿ ਮੰਤ੍ਰ ਪੂਛਤਿ ਬਹੁ ਭਏ ॥ ਹਨੋ ਸਤ੍ਰ ਸੋਈ ਮੰਤ੍ਰ ਬਤਏ ॥
ਮੰਤ੍ਰਿਨ ਬਾਚ ॥ ਮਹਾਬਲੀ ਤੁਮ ਪਰਮ ਸੁਜਾਨ ॥ ਨਿਰਭਯ ਹ੍ਵੈ ਕੰਸ ਰਾਜਾਨ॥੧੩॥ ੩੬੩॥੬੭੫॥
ਚੌ ॥ ਕਰ ਉਪਾਇ ਦੁਹੂੰ ਬੈਰੀ ਹਨਹੂੰ ॥ ਚਿਤ ਚਿੰਤਾ ਨਹਿ ਭੂਪਤਿ ਗਨਹੂੰ ॥
ਧਨੁਖ ਜਗਜ ਸਿਸੁ ਨੰਦ ਬੁਲਾਇ ॥ ਸੁਭ ਜਗ ਜਸਾਲਾ ਸਰਸ ਰਚਾਇ ॥੧੪॥੩੬੪॥੬੭੬॥
ਚੌ ॥ ਰਾਮ ਕ੍ਰਿਸਨ ਆਵਹਿ ਤਿਹੰ ਕਾਲ ॥ ਛਲਬਲ ਕਰ ਮਾਰਹੁ ਭੂਪਾਲ ॥
ਅਸੁਰਨ ਪ੍ਰਤਿ ਆਗਜਾ ਦੈ ਭੂਪ ॥ ਨੰਦ-ਸੁਤਨ ਤੁਮ ਹਨੋ ਅਨੂਪ ॥੧੫॥੩੬੫॥੬੭੭॥
ਚੌ ॥ ਹਥਵਾਹੇ ਪ੍ਰਤਿ ਆਗਜਾ ਦੀਨ ॥ ਡੇਵਢੀ ਗਜ ਰਾਖਹੁ ਪ੍ਰਬੀਨ ॥
ਗਜ ਚਿਰਵਾਵਉ ਨੰਦ ਕੁਮਾਰ ॥ ਮੁਖ ਮਾਂਗੋ ਧਨ ਮਿਲੈ ਅਪਾਰ ॥੧੬॥੩੬੬॥੬੭੮॥
ਚੌ ॥ ਅਕ੍ਰੂਰ ਬੁਲਾਇ ਆਦਰ ਬਹੁਦੀਨ ॥ ਜਦੁਕੁਲ ਮਹਿ ਤੁਮ ਬਡੋ ਪ੍ਰਬੀਨ ॥

Sri Satguru Jagjit Singh Ji eLibrary NamdhariElibrary@gmail.com

ਇੰਦ੍ਰ ਕਾਜ ਬਾਵਨ ਜਿਮ ਕਰੇ ॥ ਤਿਮ ਤੁਮ ਹਮਰੋ ਭਲੋ ਚਿਤ ਧਰੇ ॥੧੭॥੩੬੭॥੯੯੯।
ਚੌ ॥ ਬਿੰਦ੍ਰਾਬਨ ਜਾਵਉ ਤਤਕਾਲ ॥ ਛਲਬਲ ਕਰ ਲਾਵਹੁ ਨੰਦ ਬਾਲ ॥
ਤਾਹਿ ਹਨਹੁੰ ਸਭਿ ਦੇਖਹਿ ਭਉਨਿ ॥ ਅਪੁਨੋ ਕਾਜ ਕਰੋਂ ਮੈਂ ਅਉਨਿ॥੧੮॥੩੬੮॥੧੦੦੦॥
ਚੌ ॥ ਹਨਹੁੰ ਉਗ੍ਰਸੈਨ ਬਸੁਦੇਵ ॥ ਦੇਵਕਿ ਹਨਹੁੰ ਅਮਿਤ੍ਰ ਯਾ ਭੇਵ ॥
ਬਾਨਾ ਭਊਮ ਨ੍ਰਿਪ ਜਰਾਸਿੰਧੁ ॥ ਇਨ ਸੋ ਹਿਤ ਮੇਰੋ ਸੁਨ ਬੰਧੁ ॥੧੯॥੩੬੯॥੧੦੦੧॥
ਦੋਹਰਾ ॥ ਚਤੁਰ ਬਸੀਠ ਸੁ ਹੋਇ ਜਿਸੁ ਸੁਧਰੇ ਕਾਰਜ ਤਾਹਿ ॥
ਸਤ੍ਰ ਨਾਸ ਹੋਵਹਿ ਸਕਲ ਮਿਤ੍ਰਨ ਸੁਖੀ ਬਸਾਹਿੰ ॥੨੦॥੩੭੦॥੧੦੦੨॥
ਦੋਹਰਾ ॥ ਅਕ੍ਰੂਰ ਮਨ ਮਹਿ ਕੁਟਿਲਤਾ ਅਸੁਰ ਪਾਪ ਅਹਿਤਾਇ ॥
ਸਭਾ ਸੁਹਾਤੀ ਕਹਿਤ ਭੇ ਜਾ ਕਰਿ ਰੁਚਿ ਅਧਿਕਾਇ ॥੨੧॥੩੭੧॥੧੦੦੩॥
ਚੌਪਈ ॥ ਬੋਲੇ ਮਾਥ ਨਾਇ ਅਕ੍ਰੂਰ ॥ ਭਲੀ ਬਿਚਾਰੀ ਰਾਜਨ ਗੂੜ ॥
ਚਿਤਵਹਿੰ ਅਵਰ ਅਵਰ ਹੋਇ ਜਾਇ ॥ ਬਿਧਿ ਤੇ ਕਾਹੂੰ ਕੋ ਨ ਬਸਾਇ ॥੨੨॥੩੭੨॥੧੦੦੪॥
ਚੌ ॥ ਪ੍ਰਾਤ ਹੋਇ ਬਿੰਦ੍ਰਾਬਨ ਜਾਵਉ ॥ ਜੇਨ ਕੇਨ ਬਿਧਿ ਸਿਸੁਨ ਲਜਾਵਉਂ ॥
ਬਿਦਾ ਹੋਇ ਗ੍ਰਿਹਆਇ ਅਕ੍ਰੂਰ ॥ ਸੋਚਿਤ ਨਿਸ ਬਿਤਜੋ ਚਿਤ ਝੂਰ ॥੨੩॥੩੭੩॥੧੦੦੫॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਨਾਰਦ ਕੰਸ ਸੰਬਾਦੇ ਪੰਚ ਤ੍ਰਿੰਸਤੋ ਧਯਾਯ: ॥੩੫॥
ਦੋਹਰਾ ॥ ਅਰਿ ਉਤੰਗ ਹਯ ਰੂਪ ਕਰ ਬ੍ਰਿੰਦਾਬਨ ਮਹਿ ਆਇ ॥
ਹਿੰਸਤਿ ਟਾਪਤਿ ਅਸੁਰ ਸੋ ਕਾਲ ਰੂਪ ਦਰਸਾਇ ॥੧॥੩੭੪॥੧੦੦੬॥
ਦੋ ॥ ਸਖਾ ਭਯਾਤੁਰ ਕ੍ਰਿਸਨ ਪਹਿ ਕਹੀ ਜਾਇ ਡਰਪਾਇ ॥
ਗੋਪ ਬਾਚ ॥ ਅਸ੍ਵ ਰੂਪਧਰ ਅਸੁਰ ਕੋਈ ਆਯੋ ਕੋਪ ਬਢਾਇ ॥੨॥੩੭੫॥੧੦੦੭॥
ਚੌਪਈ ॥ ਨਿਰਖ ਜੋ ਆਇ ਤਿਸਹ ਕਨਾਈ ॥ਸੁਨਿ ਰੇ ਅਸੁਰ ਕੰਸ ਸੁਖ ਦਾਈ ॥
ਨ੍ਰਿਬਲ ਗੋਪ ਸੰਗ ਜੁਧ ਨ ਤੋਹਿ ॥ ਕਾਲ ਆਪਨੋ ਜਾਨ ਲੈ ਮੋਹਿ ॥੩॥੩੭੬॥੧੦੦੮॥
ਸੁਨਿ ਬਚ ਕ੍ਰਿਸਨ ਕ੍ਰੋਧ ਅਤਿ ਭਯੋ ॥ ਜੁਧ ਕਰਨ ਹਰਿ ਸਨਮੁਖ ਗਯੋ ॥
ਯਾਹਿੰ ਘਾਇ ਨ੍ਰਿਪਹਿ ਸੁਖ ਦੈਹਉਂ ॥ ਰਾਜਨ ਢਿਗ ਹਉਂ ਅਤਿ ਜਸ ਲੈਹਉਂ ॥੪॥੩੭੭॥੧੦੦੯॥
ਚੌ ॥ ਮੁਖ ਪਸਾਰ ਕੇਸੀ ਹਰਿ ਓਰ ॥ ਧਾਯੋ ਬਿਕਟ ਰੂਪ ਰਚਿ ਘੋਰ ॥
ਤਿਹ ਪਾਛੇਲ ਕ੍ਰਿਸਨ ਲੈ ਜਾਇ ॥ ਪੁਨਿ ਪਛੇਲ ਧਾਯੋ ਮੁਖਿ ਬਾਇ ॥੫॥੩੭੮॥੧੦੧੦॥
ਚੌ ॥ ਭੁਜ ਆਜਾਨੁ ਮੁਖਿ ਦੀਯੋ ਧਕੇਲ ॥ ਰੁਕਯੋ ਸ੍ਵਾਸ ਪ੍ਰਾਨ ਲੀਯੋ ਸਕੇਲ ॥
ਕੇਸੀ ਹਨੇ ਕ੍ਰਿਸਨ ਭਗਵਾਨ ॥ ਪੁਹਪ ਵਰਸਾਵਤਿ ਸੁਰ ਸਾਵਧਾਨ ॥੬॥੩੭੯॥੧੦੧੧॥
ਚੌ ॥ ਰਕਤ ਪ੍ਰਵਾਹ ਹੁਇ ਚਲਯੋ ਤਹਾਂ ਹੀ ॥ ਗ੍ਵਾਲ ਬਾਲ ਨਿਰਖਤਿ ਤਿਹ ਠਾਹੀਂ ॥

Sri Satguru Jagjit Singh Ji eLibrary NamdhariElibrary@gmail.com

ਬਟ ਤਰ ਬੈਠ ਨੰਦਕੁਮਾਰ ॥ ਨਾਰਦ ਆਇ ਕੀਨ ਨਮਸਕਾਰ ॥੭॥੩੮੦॥੧੦੧੨॥

ਚੌ ॥ ਬੀਨੁ ਬਜਾਇ ਕ੍ਰਿਸਨ ਗੁਨ ਗਾਇ ॥ ਤੀਨ ਕਾਲ ਕੋ ਚਰਿਤ੍ਰ ਸੁਨਾਇ ॥

ਸੰਤਨਕ੍ਰਤ ਰਛਾ ਹਿਤ ਦੇਵ ॥ ਲੇਤ ਅਵਤਾਰ ਪ੍ਰਭੂ ਨਰ ਭੇਵ ॥੮॥੩੮੧॥੧੦੧੧੩॥

ਚੌ ॥ ਕ੍ਰਿਸਨ ਬਿਦਾ ਨਾਰਦ ਮੁਨਿ ਕੀਨ ॥ ਖੇਡਤ ਨ੍ਰਿਪ ਬਨ ਕਾਨ ਪ੍ਰਬੀਨ ॥

ਬਹੁਰ ਮਿਚਉਨੀ ਚੱਛੁਨ ਖੇਲ ॥ ਮੰਡਜੋ ਕਾਨ ਗੋਪਨ ਸੰਗ ਮੇਲ ॥੯॥੩੮੨॥੧੦੧੩॥

ਚੌ ॥ ਕੰਸ ਸੁਨਜੋ ਕੇਸੀ ਕਹੁ ਨਾਸ ॥ ਝਖ ਬਿਹਾਨਜੋ ਨਿਸਾ ਅਤਿ ਤ੍ਰਾਸ ॥

ਬਜੋਮਾਸੁਰ ਕ ਕੇਸ ਬੁਲਾਇ ॥ ਆਦਰ ਦੈ ਤਿਸ ਤਹਾਂ ਪਠਾਇ ॥੧੦॥੩੮੩॥੧੦੧੫॥

ਬਜੋਮਾਸੁਰ ਬਾਚ ਚੌ ॥ ਸੇਵਕ ਇਸਤ੍ਰੀ ਕੋ ਇਕ ਕਾਜ ॥ ਸ੍ਵਾਮੀ ਹਿਤ ਤਨੁ ਤਜੈ ਨ ਲਾਜ ॥

ਅਸ ਕਹ ਬਿੰਦ੍ਰਾ ਬਨ ਮਹਿ ਜਾਇ ॥ ਗੋਪ ਰੂਪ ਧਰ ਕ੍ਰਿਸਨ ਪਹਿ ਆਇ ॥੧੧॥੩੮੪॥੧੦੧੬॥

ਬਜੋਮਾਸੁਰ ਬਾਚ ਚੌ ॥ ਹਉਂ ਹੂੰ ਖੇਲਹੁੰ ਸੰਗ ਤੁਮਾਰੇ ॥ ਬੋਲੇ ਬਿਹਸਿ ਤਬਿ ਨੰਦ ਦੁਲਾਰੇ ॥

ਮਨ ਮਾਨਤ ਤੂੰ ਖੇਲਹੁ ਆਇ ॥ ਰੰਚ ਨ ਸੰਕ ਕਰਹੁ ਇਹ ਠਾਇ ॥੧੨॥੩੮੫॥੧੦੧੭॥

ਚ । ਕਹਜੋ ਅਸੁਰ ਬ੍ਰਿਕ ਕੋ ਖੇਲ ॥ ਨੀਕੋ ਸਭਿ ਖੇਲਨ ਤੇ ਕੇਲ॥

ਬੋਲੇ ਕ੍ਰਿਸਨ ਭਲੀ ਤਿਹ ਕਹੀ ॥ ਸਖਾ ਬਿਗਵਾ ਤੂੰ ਬਿਗੀਆ ਸਹੀ ॥੧੩॥੩੮੬॥੧੦੧੮॥

ਚੌ ॥ ਖੇਲ ਮਚਾਯੋ ਕ੍ਰਿਸਨ ਤਿਹ ਕਾਲ ॥ ਸਖਾ ਪਕੜ ਲੈ ਗਯੋ ਉਤਾਲ ॥

ਕੰਦ੍ਰਾ ਮਹਿ ਸਭਿ ਧਰਿ ਬ੍ਰਿਜਬਾਲ ॥ ਬਹੁਰ ਕ੍ਰਿਸਨ ਪਰ ਝਪਟੋ ਸਜਾਲ ॥

ਕ੍ਰਿਸਨ ਜੁਟੇ ਤਾ ਸੋ ਸੰਗ੍ਰਾਮ ॥ ਨਿਹਤੇ ਅਸੁਰ ਜੁਧ ਸੁਖਧਾਮ ॥੧੪॥੩੮੭॥੧੦੧੯॥

ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਬਜੋਮਾਸੁਰ ਬਧੋ ਸ਼ੁਭਮ੍ ਤ੍ਰਿਸਤੋ ਧਜਾਯ: ॥੩੬॥

ਦੋਹਰਾ ॥ ਕਾਰਤਿਕ ਕ੍ਰਿਸਨਾ ਦ੍ਵਾਦਸੀ ਮਾਰਜੋ ਕੇਸੀ ਬਜੋਮ ਹਰੀ ॥

ਤ੍ਰਜੋਦਸਿ ਕਹੁੰ ਅਕ੍ਰੂਰ ਕੰਸ ਤੇ ਬਿਦਾ ਹੋਇ ਪਥ ਧਰੀ ॥੧॥੩੮੮॥੧੦੨੦॥

ਚੌ ॥ ਮਨ ਮੋ ਅਕ੍ਰੂਰ ਗਿਨਤੀ ਬਹੁ ਕਰੈ ॥ ਕਉਨ ਪੁੰਨ ਉਦਯ ਭਯੋ ਸਮਝ ਨ ਪਰੈ ॥

ਸਦਾ ਸੰਗੀ ਹਉਂ ਅਸੁਰਨ ਕੋ ਮੀਤ ॥ ਕਭੀ ਨ ਸਿਮਰਜੋ ਹਰਿ ਇਕ ਚੀਤ ॥੨॥੩੮੯॥੧੦੨੧॥

ਚੌ ॥ ਪੂਰਬ ਜਨਮ ਪੁਨਜ ਉਦਯ ਭਯੋ ਆਇ ॥ ਤਿਹ ਪ੍ਰਸਾਦਿ ਕ੍ਰਿਸਨ ਦਰਸਾਇ ॥

ਪਾਯਨ ਹਰਿ ਕੇ ਮਾਥਾ ਧਰਹੁੰ ॥ ਜਨਮ ਜਨਮ ਕੇ ਪਾਤਿਕ ਹਰਹੁੰ ॥੩॥੩੯੦॥੧੦੨੨॥

ਚੌ । ਜਾ ਪਗ ਰੇਨੁ ਅਹਲਜਾ ਤਾਰੀ ॥ ਜਾ ਪਦ ਨਖ ਪ੍ਰਗਟੀ ਸੁਰਸਰੀ ॥

ਜਾ ਪਦ ਕਾਲੀ ਕਰਯੋ ਸਨਾਥ ॥ ਸੋ ਪਦ ਧਰਿਹੌਂ ਹਉਂ ਨਿਜ ਮਾਥ ॥੪॥੩੯੧॥੧੦੨੩॥

ਚੌ ॥ ਕੰਸ ਹਿਤੂ ਲਖ ਕ੍ਰਿਸਨ ਮੁਝ ਚੀਤ ॥ ਮੁਖਿ ਨ ਲਗਾਵਹਿ ਸਮਝ ਅਨ ਹੀਤ ॥

ਵੈ ਤੋ ਅੰਤਰਿਜਾਮੀ ਦੇਵ । ਸਭਿ ਘਟ ਕੇ ਜਾਨਤਿ ਹੈਂ ਭੇਵ ॥੫॥੩੯੨॥੧੦੨੪॥

Sri Satguru Jagjit Singh Ji eLibrary NamdhariElibrary@gmail.com
Digitized by Punjab Digital Library | www.punjabdigilib.org

ਚੌ ॥ ਦਾਸ ਜਾਨੁ ਕਰੁਨਾ ਮੁਝ ਕਰੈਂ ॥ ਦਾਸਨ ਪੈ ਕਰੁਨਾ ਰਸ ਢਰੈਂ ॥
ਅਸ ਕਹ ਰਥ ਹਾਂਕੇ ਅਕ੍ਰੂਰ ॥ ਪਹੁੰਚੇ ਜਾਇ ਬਿੰਦ੍ਰਾਬਨ ਸੂਰ ॥੬॥੩੬੩॥੧੦੨੫॥
ਚੌ ॥ ਸਾਂਝ ਸਮਯ ਕ੍ਰਿਸਨ ਔ ਬਲਰਾਮ ॥ ਆਇ ਗੋਪ ਜੁਤ ਪਧਰੇ ਧਾਮ ॥
ਮਗ ਮੋ ਕ੍ਰਿਸਨ ਮਿਲੇ ਦਰਸਾਇ ॥ ਰਥ ਤੇ ਉਤਰ ਪਾਇਨ ਲਪਟਾਇ ॥੭॥੩੬੪॥੧੦੨੬॥
ਚੌ ॥ ਗਦ ਗਦ ਬੈਨ ਨੈਨਨ ਜਲ ਢਾਰ ॥ ਸੀਂਚਤਿ ਪ੍ਰਭੁ ਕਹਂ ਬਦਨ ਨਿਹਾਰ ॥
ਕ੍ਰਿਸਨ ਉਠਾਇ ਹਿਰਦੈ ਲਗਾਇ ॥ ਨੰਦ ਪਾਸ ਭੇ ਗਏ ਲਵਾਇ ॥੮॥੩੬੫॥੧੦੨੭॥
ਚੌ ॥ ਆਦਰ ਮਾਨ ਨੰਦ ਬਹੁ ਕੀਨ ॥ ਅਕ੍ਰੂਰਹਿ ਬਹੁ ਆਦਰ ਦੀਨ ॥
ਭੋਜਨ ਬਿਬਿਧ ਰੁ ਪਾਕ ਜਿਵਾਏ ॥ ਪਾਨ ਸੁਗੰਧ ਬਾਸੁ ਮੁਖਿ ਪਾਏ ॥੯॥੩੬੬॥੧੦੨੮॥
ਨੰਦ ਬਾਚ ਚੌ ॥ ਜਦੁ ਬੰਸਨਿ ਮਹਿ ਤੁਮ ਹੋ ਸਾਧੁ ॥ ਰਹੋ ਬਡਪਨ ਜੁਤਿ ਅਹਿਲਾਦ ॥
ਕੰਸ ਦੁਸ੍ਟ ਕੋ ਭਾਖੈ ਭੇਵ ॥ ਕਿਹ ਬਿਧਿ ਰਹਿਤ ਅਸੁਰ ਕੁਟਲੇਵ ॥੧੦॥੩੬੭॥੧੦੨੯॥
ਅਕ੍ਰੂਰ ਬਾਚ ਚੌ ॥ ਜਾ ਨਗਰੀ ਕੋ ਰਾਜਾ ਕੰਸ ॥ ਸਦਾ ਦੁਖੀ ਪ੍ਰਜਾ ਜਦੁਬੰਸ ॥
ਬਹੁਤ ਕਹਾਂ ਲਉ ਕਹੌਂ ਸੁਜਾਨ ॥ ਸਮਝ ਲੇਹੁ ਤੁਮ ਮਹਰ ਮਹਾਨ ॥੧੧॥੩੬੮॥੧੦੩੦॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਅਕ੍ਰੂਰ ਬ੍ਰਿੰਦਾਬਨ ਗਉਨੋ ਸਪਤ ਤ੍ਰਿੰਸਤੋ ਧਯਾਯ: ॥੩੭॥
ਦੋਹਰਾ ॥ ਡੀਠ ਦੁਰਾਇ ਨੰਦ ਪ੍ਰਭੁ ਇਕਾਂਤਿ ਅਕ੍ਰੂਰ ਲਵਾਇ ॥
ਪੂਛਹਿ ਕੁਸਲ ਬਸੁਦੇਵ ਕੋ ਅਉਰ ਦੇਵਕੀ ਮਾਇ ॥੧॥੩੬੯॥੧੦੩੧॥
ਦੋਹਰਾ ॥ ਕੰਸ ਬਡੋ ਜਦੁ ਕੁਲ ਬਿਖੈ ਉਪਜਯੋ ਰੋਗ ਅਸਾਧਿ ॥
ਤਿਹ ਕਰ ਜਦੁਬੰਸੀ ਦੁਖੀ ਨਿਤਿਪ੍ਰਤਿ ਬਿਬਿਧ ਉਪਾਧਿ ॥੨॥੪੦੦॥੧੦੩੨॥
ਚੌ ॥ ਹਮ ਹਿਤੁ ਮਾਤ ਪਿਤਾ ਦੁਖ ਪਾਏ ॥ ਫਲ ਅਸੁਭ ਭੋਗਹਿ ਜਦੁਰਾਏ ॥
ਲੈ ਹੈ ਕਬਿ ਹੀ ਸੁਰਤਿ ਹਮਾਰੀ ॥ ਹਮ ਹਿਤੁ ਸਹੇ ਕਸ੍ਟ ਉਨ ਭਾਰੀ॥੩॥੪੦੧॥੧੦੩੩॥
ਅਕ੍ਰੂਰ ਬਾਚ ਚੌ ॥ ਤੁਮ ਜਾਨਤਿ ਸਭਿ ਅੰਤਰਿ ਪੀਰ ॥ ਅੰਤਰਜਾਮੀ ਗੁਨੀ ਗਹੀਰ ॥
ਜਦ ਸੇ ਨਾਰਦ ਗਏ ਬਤਾਇ ॥ ਜਨਮ ਤੁਮਾਰੋ ਭੇਦ ਲਖਾਇ ॥੪॥੪੦੨॥੧੦੩੪॥
ਚੌ ॥ ਬਸੁਦੇਵ ਦੇਵਕੀ ਬੰਦਿ ਛਰਾਇ ॥ ਹਸਤ ਪਾਦ ਮੈ ਸੰਗਲ ਪਾਇ ॥
ਤਿਨ ਪ੍ਰਤਿ ਮਾਰਨ ਕੋ ਨਿਤ ਚਹੈ ॥ ਪਰਾਲ ਬਧ ਕਰ ਵੈ ਬਚਿ ਰਹੈ ॥੫॥੪੦੩॥੧੦੩੫॥
ਚੌ । ਧਨੁਖ ਜਗ ਠਾਨਜੋ ਕਰ ਧੂੰਹਿ ॥ ਹਮਹਿ ਪਠਾਯੋ ਲਾਵਨਿ ਤੋਹਿ ॥
ਦਰਸੇ ਨੰਦ ਸਿਵ ਜਗ ਸੁਖ ਪਾਇ ॥ ਰਾਮ ਕ੍ਰਿਸਨ ਜੁਤ ਭੇਟਾ ਲਾਇ॥੬॥੪੦੪॥੧੦੩੬॥
ਚੌ ॥ ਇਹ ਸੁਨਿ ਰਾਮ ਨੰਦ ਸੇ ਕਹੈ ॥ ਕੰਸ ਬੁਲਾਯੋ ਕ੍ਰਿਸਨ ਜੁਤ ਤੁਮੈ ॥
ਧਨੁ ਜਗ ਕੋ ਲੈ ਭੇਟਾ ਛਾਕ ॥ ਦਧਿ ਪਯ ਮਹਿਖਾ ਮੇਢਾ ਝਾਕ ॥੭॥੪੦੫॥੧੦੩੭॥
ਚੌ ॥ ਤਿਹ ਹਿਤੁ ਆਏ ਕਕਾ ਸੁਜਾਨ ॥ ਪ੍ਰਾਤ ਲੈ ਜਾਵਹਿ ਹਮ ਤੁਮ ਕਾਨ ॥

Sri Satguru Jagjit Singh Ji eLibrary NamdhariElibrary@gmail.com
Digitized by Panjab Digital Library | www.panjabdigilib.org

ਕ੍ਰਿਸਨ ਸਮੁਝਾਇ ਨੰਦ ਬਹੁ ਭਾਂਤਿ ॥ ਸੰਕ ਨ ਕਰਹੁ ਕੰਸ ਕੋ ਤਾਤ ॥੮॥੪੦੬॥੧੦੩੮॥
ਚੌ ॥ ਕ੍ਰਿਸਨ ਬਚਨ ਸੁਨਿ ਆਗਯਾ ਦੀਨ ॥ ਸਭਿ ਬ੍ਰਿਜਬਾਸੀ ਸਖਾ ਪ੍ਰਬੀਨ ॥
ਪ੍ਰਾਤ ਹੋਇ ਸਭਿ ਮਥੁਰਾ ਚਲੋ ॥ ਧਨੁਖ ਜਗ ਦੇਖੋ ਹਰ ਭਲੋ ॥੯॥੪੦੭॥੧੦੩੯॥
ਚੌ ॥ ਹੋਤ ਭੁਨਸਾਰ ਗੋਪ ਸਭਿ ਆਇ ॥ ਨੰਦ ਭੇਟ ਲੈ ਸੰਗ ਸਿਧਾਇ ॥
ਰਾਮ ਕ੍ਰਿਸਨ ਸਖਾ ਲੈ ਸਾਥ ॥ ਰਥ ਚੜ ਚਲੇ ਜਸੋਧਾ ਤਾਤ ॥੧੦॥੪੦੮॥੧੦੪੦॥
ਚੌ ॥ ਗੋਪੀ ਸੁਨਿ ਧਾਈ ਹਰਿ ਪਾਸ ॥ ਆਇ ਘਿਰਜੋ ਰਥ ਹਰਿ ਚਹੁ ਪਾਸ ॥
ਗੋਪੀ ਬਾਚ॥ਹਮਹਿੰ ਤਜਾਗਿ ਕਹ ਚਲੇ ਸੁਜਾਨ॥ਹਮ ਦਾਸੀ ਤੁਮਰੀ ਬਿਨੁ ਦਾਮ ॥
੧੧॥੪੦੯॥੧੦੪੧॥
ਚੌ ॥ ਜਲ ਰੇਖਾ ਤੁਲ ਸਾਧੁ ਕੀ ਪ੍ਰੀਤਿ ॥ ਓਛਨ ਪ੍ਰੀਤਿ ਬਾਰੂ ਕੀ ਭੀਤਿ ॥
ਨੇਹੁ ਲਗਾਇ ਅਬ ਦੇਤ ਹੋ ਪੀਠਿ॥ ਨਾਹਿਨ ਯਹਿ ਸੱਜਨ ਕੀ ਰੀਤਿ ॥੧੨॥੪੧੦॥੧੦੪੨॥
ਚੌ ॥ ਕ੍ਰੂਰ ਅਕ੍ਰੂਰ ਭਏ ਦੁਖਦਾਈ ॥ ਕਿਆ ਜਾਨੈ ਯਹਿ ਪੀਰ ਪਰਾਈ ॥
ਲਾਜ ਛੋਡਿ ਗੋਪੀ ਹਥ ਗਹੈ ॥ ਬਿਲਪ ਬਿਲਪ ਪਰਸਪਰ ਕਹੈ ॥੧੩॥੪੧੧॥੧੦੪੩॥
ਚੌ ॥ ਮਥੁਰਾ ਕੀ ਅਤਿ ਚੰਚਲ ਨਾਰਿ ॥ ਲੇਂਹ ਲੁਭਾਇ ਵੇ ਨੰਦ ਕੁਮਾਰ ॥
ਤੁਮਹਿ ਲੋਗ ਕਹੈਂ ਗੋਪੀ ਨਾਥ ॥ ਹਮਹੂੰ ਚਲਹਿੰ ਤੁਮਾਰੇ ਸਾਥ ॥੧੪॥੪੧੨॥੧੦੪੪॥
ਚੌ ॥ ਰੋ ਰੋ ਬ੍ਰਿਜਲਲਨਾ ਦੁਖ ਪਾਇ ॥ ਕ੍ਰਿਸਨ ਬਿਛੋਹ ਤਿਨ ਸਹਜੋ ਨ ਜਾਇ ॥
ਜਸੁਧਾ ਰ ਰੋ ਕੰਠ ਲਗਾਇ ॥ ਛੋਡਤਿ ਨਾਹਨਿ ਸਜਾਮ ਉਰ ਲਾਇ ॥੧੫॥੪੧੩॥੧੦੪੫॥
ਚੌ ॥ ਬਹੁਰ ਕਲੇਊ ਦੀਨ ਹਰਿ ਮਾਇ ॥ ਆਰਤੀ ਲੈ ਹਰਿ ਬੰਦੇ ਪਾਇ ॥
ਰਥ ਪ੍ਰੇਰਜੋ ਤਾ ਛਿਨ ਅਕ੍ਰੂਰ ॥ ਮੁਰ ਮੁਰ ਹੇਰਤਿ ਡਾਰਤਿ ਧੂਰਿ ॥੧੬॥੪੧੪॥੧੦੪੬॥
ਗੋਪੀ ਜੁਤ ਜਸੁਧਾ ਹਰਿ ਮਾਇ ॥ ਬਛ ਬਿਛੋਹ ਜਿਮ ਧੇਨੁ ਅਕਲਾਇ ॥
ਧੀਰਜ ਦੇਤਿ ਗੋਪੀ ਹਰਿ ਮਾਇ ॥ ਪੰਚ ਦਿਵਸ ਹਮ ਤੁਮਹਿ ਦਰਸਾਇ ॥੧੭॥੪੧੫॥੧੦੪੭॥
ਚੌ ॥ ਦ੍ਰਿਸ੍ਟਿ ਤੇ ਰਹਿਤ ਭਏ ਜਦ ਕਾਨ ॥ ਮੁਰਛਿਤ ਗੋਪੀ ਗਿਰੀ ਬ੍ਰਿਹ ਬਾਨ ॥
ਚੇਤਿਤਿ ਭਈ ਅਵਧ ਕਹ ਚੇਤੁ ॥ ਧੀਰਜ ਕਰਿ ਸਭਿ ਗਈ ਨਿਕੇਤੁ ॥੧੮॥੪੧੬॥੧੦੪੮॥
ਚੌ ॥ ਰਾਮ ਕ੍ਰਿਸਨ ਰਥ ਲੈ ਤਰ ਛਾਹ ॥ ਰਾਖੇ ਲਗੇ ਕਲੇਊ ਖਾਹਿ ॥
ਅਕ੍ਰੂਰ ਜਮੁਨਾ ਤਟਿ ਨਾਵਨ ਗਏ ॥ ਮਨ ਮਹਿ ਚਿੰਤਾ ਕਰਤੇ ਭਏ ॥੧੯॥੪੧੭॥੧੦੪੯॥
ਚੌ ॥ ਤਾਤ ਸੰਗ ਬੋਲੇ ਬ੍ਰਿਜਰਾਜ ॥ ਤੁਮ ਪਧਰੋ ਸੰਗ ਲੈ ਸਭਿ ਸਾਜ ॥
ਚਚਾ ਨਹਾਇ ਲੇਇ ਕਛੁ ਖਾਇ ॥ ਹਉਂ ਹੂੰ ਆਵਹਿੰ ਸੀਘ੍ਰ ਲਵਾਇ ॥੨੦॥੪੧੮॥੧੦੫੦॥
ਚੌ ॥ ਨੰਦ ਕੀਨ ਮਥੁਰਾ ਕੋ ਪਯਾਨ ॥ ਅਕ੍ਰੂਰ ਨਹਾਇ ਧਰਿ ਹਰਿ ਧਯਾਨ ॥
ਰਥ ਜੁਤ ਜਲ ਮਹਿ ਕ੍ਰਿਸਨ ਦਰਸਾਇ ॥ਬਾਹਰ ਦੇਖਜੋ ਰਥ ਜਦੁਰਾਇ॥੨੧॥੪੧੯॥੧੦੫੧॥

Sri Satguru Jagjit Singh Ji eLibrary NamdhariElibrary@gmail.com

ਚੌ ॥ ਚਕ੍ਰਿਤ ਹੋਇ ਅਕ੍ਰੂਰ ਮਨ ਕਹੈ ॥ ਇਨ ਦੁਹੂੰਅਨ ਮਹਿ ਕਾ ਕ ਲੈ ॥
ਪੁਨ ਕੈਸੋ ਧਰਿ ਰੂਪ ਦਿਖਾਇ ।।ਦੇਵ ਸਹਿਤ ਜਲ ਮਹਿ ਦਰਸਾਇ।।੨੨।।੪੨੦।।੧੦੫੨।।
ਚੌ ॥ ਚਾਰ ਭੁਜਾ ਯੁਤ ਆਯੁਧ ਚਾਰ ॥ ਸੰਖ ਚਕ੍ਰ ਗਦਾ ਕਰ ਆਰ ॥
ਹਰਿ ਮਾਯਾ ਕਰ ਮੋਹੇ ਦਾਸ ॥ ਪੂਰਨ ਕਰੇ ਭਕਤਿ ਹਰਿ ਦਾਸ । ੨੩।।੪੨੧।।੧੦੫੩।।
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਅਕ੍ਰੂਰ ਦਰਸਨੰ ਅਸ੍ਟ ਤ੍ਰਿੰਸਤੋ ਭਜਾਯ: ।।੩੮।।
ਚਉਪਈ ॥ ਚਿਰ ਲਉ ਜਲ ਮਹਿ ਧਰੇ ਧਯਾਨ।। ਅਸਤੁਤਿ ਕਰਤਿ ਜੋਰਿ ਜੁਗ ਪਾਨ ॥
ਤੁਮ ਅਨੰਤ ਕਰਤਾ ਜਗਦੀਸ ॥ ਉਤਪਤਿ ਪ੍ਰਲਯ ਕਰਹੁ ਅਧੀਸ ।।੧।।੪੨੨।।੧੦੫੪।।
ਚੌ ॥ ਬੈਰਾਟ ਰੂਪ ਦਰਸੋ ਭਗਵਾਨ ॥ ਸ੍ਵਰਗ ਸੀਸ ਧਰਨੀ ਪਦ ਠਾਨ ॥
ਉਦਰ ਸਮੁਦ੍ ਨਾਭ ਆਕਾਸ ॥ ਬਾਦਲ ਕੇਸ ਬ੍ਰਿਖ ਲੌ ਮਾਸ ।।੨।।੪੨੩।।੧੦੫੫।।
ਚੌ ॥ ਅਗਨਿ ਮੁਖ ਦਸੋ ਦਿਸ ਕਾਨ ॥ ਇੰਦ੍ ਭੁਜਾ ਚਛੁ ਸਸਿ ਭਾਨੁ ॥
ਬ੍ਰਹਮਾ ਬੁਧਿ ਰੁਦ੍ ਅਹੰਕਾਰ ॥ ਗਰਜਨ ਬਚਨ ਪ੍ਰਾਨ ਪਵਨ ਬਿਚਾਰ ।।੩।।੪੨੪।।੧੦੫੬।।
ਚੌ ॥ ਜਲ ਬੀਰਯ ਪਲਕ ਲਗਾਵਨ ਰਾਤ੍ਰਿ ॥ ਯਾ ਬਿਧਿ ਸੋ ਤੁਮ ਰਹੁ ਗੁਨਪਾਤ੍ਰਿ ॥
ਅਸਤੁਤਿ ਬਿਨਯ ਕੀਨ ਅਕ੍ਰੂਰ ॥ ਰਹੋ ਹਿਰਦੈ ਮਮ ਤੁਮ ਭਰਪੂਰ ।।੪।।੪੨੫।।੧੦੫੭।।
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਅਕ੍ਰੂਰ ਅਸਤੁਤਿ ਊਨ ਚਤੁਵਾਰਿੰਸੋ ਧਯਾਯ: ।।੩੯।।
ਦੋਹਰਾ ॥ ਜਲ ਸੇ ਨਿਕਰਿ ਅਕ੍ਰੂਰ ਜੀ ॥ ਪਹਿਰੇ ਬਸਨ ਨਹਾਇ ॥
ਆਏ ਬਿਸਮੈ ਚਿੱਤ ਸੋਂ ਜਹਾਂ ਕ੍ਰਿਸਨ ਜਦੁਰਾਇ ।।੧।।੪੨੬।।੧੦੫੮।।
ਕਾਨਜੂ ਬਾਚ ਦੋਹਰਾ ॥ ਪੂਛੇ ਕ੍ਰਿਸਨ ਅਵਾਰ ਬਡ ਲਾਏ ਪਥ ਬਿਸਰਾਇ ॥
ਜਲ ਮਹਿ ਕਛੁ ਅਚਰਜ ਲਖੇ ਕਹਹੁ ਮੋਹਿ ਸਮੁਝਾਇ ।।੨।।੪੨੭।।੧੦੫੯।।
ਚੌਪਈ ॥ ਦਰਸੇ ਤੁਮ ਕਹੁ ਜਲ ਮਹਿ ਸਯਾਮ ॥ ਤੁਮ ਪਰਿਪੂਰਨ ਸਭਿ ਸੁਖਧਾਮ ॥
ਚਾਲਹੁ ਬੇਗ ਬਿਲੰਬ ਨ ਕੀਜੈ ॥ ਅਸੁਰ ਬਿਧ੍ਵੰਸ ਸਾਧਨ ਸੁਖ ਦੀਜੈ ।।੩।।੪੨੮।।੧੦੬੦।।
ਚੌ ॥ ਰਥ ਹਕਾਇ ਚਲੇ ਜਦੁਰਾਇ ॥ ਆਗਲ ਹੀ ਨੰਦ ਪਹੁੰਚੇ ਜਾਇ ॥
ਮਥੁਰਾਬਾਸਿਨ ਡੇਰਾ ਦੀਨ ॥ ਜੋਹਤਿ ਬਾਟ ਕ੍ਰਿਸਨ ਪ੍ਰਬੀਨ ।।੪।।੪੨੯।।੧੦੬੧।।
ਚੌ ॥ ਤਤਛਿਨ ਪਹੁੰਚੇ ਕ੍ਰਿਸਨ ਬਲਰਾਮ ॥ ਹ੍ਰਿਦਯ ਜੁੜਾਨੁ ਨੰਦ ਗੁਨਗ੍ਰਾਮ ॥
ਹਾਥ ਜੋੜ ਅਕ੍ਰੂਰ ਹਰਿ ਕਹੇ ॥ ਪਾਵਨ ਕਰੋ ਗ੍ਰਿਹ ਪਦਕੰਜ ਗਹੇ ।।੫।।੪੩੦।।੧੦੬੨।।
ਕਾਨ ਬਾਚ ਚੌ ॥ ਅਬ ਤੁਮ ਜਾਹੁ ਕੰਸ ਕੇ ਪਾਸ ॥ ਬਹੁਰ ਪੁਰਾਵਹੁ ਤੁਮਰੋ ਆਸ ॥
ਆਗਜਾ ਮਾਨ ਕੰਸ ਪਹਿ ਗਏ ॥ ਆਦਰ ਕਰ ਸਿੰਘਾਸਨ ਦਏ ।।੬।।੪੩੧।।੧੦੬੩।।
ਕੰਸ ਬਾਚ ਚੌ ॥ ਕਹਹੁ ਕੁਸਲ ਆਪੁਨੀ ਅਕ੍ਰੂਰ ॥ ਬਹੁਰ ਕਹੋ ਜਹ ਪਠਿ ਤੁਮਸੂਰ ॥
ਅਕ੍ਰੂਰ ਬਾਚ ॥ ਬ੍ਰਜਮੰਡਲ ਦੇਵਪੁਰੀ ਸਮਾਨ ॥ ਨੰਦ ਰਾਏ ਸੋ ਪੁਰਖੁ ਸੁਜਾਨ ॥

Sri Satguru Jagjit Singh Ji eLibrary NamdhariElibrary@gmail.com

ਮਾਨੀ ਆਗਜਾ ਸੀਸ ਚਢਾਇ ।। ਰਾਮ ਕ੍ਰਿਸਨ ਜੁਤ ਭੇਟਾ ਲਜਾਇ ।।੭।।੪੩੨।।੧੦੬੬।।
ਚੌ ।। ਜਮੁਨਾ ਤੀਰ ਡੇਰਾ ਥੋ ਦੀਨ ।। ਗ੍ਵਾਲ ਬਾਲ ਬਹੁ ਸਖਾ ਸੰਗ ਚੀਨ ।।
ਕੰਸਬਾਚ ।। ਕਰਿ ਪ੍ਰਸੰਸੈ ਕੰਸ ਅਕ੍ਰੂਰ ।। ਰਾਮ ਕ੍ਰਿਸਨ ਲਾਏ ਤੁਮ ਸੂਰ ।।੮।।੪੩੩।।੧੦੬੫।।
ਚੌ ।। ਅਬ ਸ੍ਰਮ ਦੂਰ ਕਰਹੁ ਘਰਿ ਜਾਇ ।। ਤੁਮ ਹਮਾ ਕਛੁ ਕਹਿ ਨ ਸਕਾਹਿ ।।
ਕਰਿ ਪ੍ਰਨਾਮ ਅਕ੍ਰੂਰ ਘਰਿ ਆਏ ।। ਚਿੰਤਾ ਸੋਚ ਅਸੁਰ ਉਰਝਾਏ ।।੯।।੪੩੪।।੧੦੬੬।।
ਕਾਨਜੂ ਬਾਚ ।। ਆਗਜਾ ਦੇਹੁ ਨਗਰ ਫਿਰ ਆਓਂ ।। ਗ੍ਰਿਹ ਮੰਦਿਰ ਭੂਪਤਿ ਪੁਰ ਗਾਓਂ ।।
ਕਹੈ ਨੰਦ ਕਛੁ ਕਰਹੁ ਜਲ ਪਾਨ ।। ਕਾਢਿ ਦੀਨੁ ਲਡੂਆ ਪਕਵਾਨ ।।੧੦।।੪੩੫।।੧੦੬੭।।
ਚੌ । ਭੋਜਨ ਪਾਇ ਕ੍ਰਿਸਨ ਬਲਰਾਮ ।। ਕੀਨ ਬਿਦਾ ਤਦ ਨੰਦ ਗੁਨਗ੍ਰਾਮ ।।
ਨਗਰ ਦੇਖ ਕਰ ਸੀਘ੍ਰ ਆਓ ।। ਆਵਹੁ ਬੇਗੁ ਨ ਬਿਲਮ ਲਗਾਓ ।।੧੧।।੪੩੬।।੧੦੬੮।।
ਚੌ ।। ਚਲੇ ਦੋਊ ਭਈਆ ਸੁਖ ਪਾਇ ।। ਬਨ ਉਪਬਨ ਫੂਲੇ ਬਹੁ ਭਾਇ ।।
ਜੋਲ ਸਰ ਸੁਭਰ ਭਰੇ ਸੋਹੰਤ ।। ਕੰਜ ਫੂਲਾਨੇ ਭ੍ਰਮਰ ਲੁਭੰਤ ।।੧੨।।੪੩੭।।੧੦੬੯।।
ਚ ।। ਖਗ ਮ੍ਰਿਗ ਬੋਲਤ ਮਧੁਰ ਰਸਾਲ ।। ਡੋਲਤਿ ਸੀਤਲ ਮੰਦ ਬਜਾਰ ।।
ਪੁਰਿ ਮਹਿ ਪੈਠਿ ਕ੍ਰਿਸਨ ਬਲਰਾਮ ।। ਸੋਭਾ ਨਿਰਖਤ ਪੁਰ ਘਨਸਜਾਮ ।।੧੩।।੪੩੮।।੧੦੭੦।।
ਚੌ ।। ਕੰਚਨ ਕਨਕ ਖੰਭ ਮਨਿ ਬਿਥਰੇ ।। ਸ੍ਵਰਗਪੁਰੀ ਸਮ ਸੋਭਿਤ ਸਗਰੇ ।।
ਧ੍ਵਜਾ ਪੰਤਾਕਾ ਘੰਟਾ ਝਾਲਰ ।। ਮੁਕਤਾਵਲੀ ਜਾਲੀ ਮਧ ਸਾਲਰ ।।੧੪।।੪੩੯।।੧੦੭੧।।
ਚੌ ।। ਬਾਯੁ ਝਰੋਖਨ ਨਿਕਸਤ ਜਬਹਿ ।। ਖੋਰ ਖੋਰ ਸੁਗੰਧ ਹੁਇ ਸਬਹਿ ।।
ਪਉਰ ਪਉਰ ਕਦਲੀ ਤਰੁ ਕਲਸਨ ।। ਚੌਮੁਖਿ ਦਿਪਤਿ ਬਧੇ ਦਰ ਤੋਰਨ ।।੧੫।।੪੪੦।।੧੦੭੨।।
ਚੌ ।। ਗ੍ਰਿਹ ਗ੍ਰਿਹ ਬਾਜੰਤ੍ਰ ਕੰਸ ਉਛਾਹੂ ।। ਨਰ ਨਾਰੀ ਪੁਰਜਨ ਸਭਿ ਕਾਹੂ ।।
ਰਾਜਤਿ ਗ੍ਰਿਹ ਹਾਟਕ ਮਨਿ ਪੁੰਜਨ ।। ਜਗਮਗ ਕਰਤ ਸੋਭ ਮਨਿ ਬ੍ਰਿੰਦਨ ।।੧੬।।੪੪੧।।੧੦੭੩।।
ਚੌ ।। ਕ੍ਰਿਸਨ ਬਲਦੇਵ ਸਖਾ ਲੈ ਸੰਗ ।। ਨ੍ਰਿਖਤ ਸੋਭਾ ਪੁਰੀ ਨਿਸੰਗ ।।
ਆਗਮ ਰਾਮ ਕ੍ਰਿਸਨ ਸੁਨਿ ਲੋਗ ।। ਨ੍ਰਿਖਨ ਆਏ ਭਲੇ ਸੰਜੋਗ ।।੧੭।।੪੪੨।।੧੦੭੪।।
ਦੋਹਰਾ ।। ਗ੍ਰਿਹ ਕੇ ਕਾਰਜ ਸਕਲ ਤਜਿ ਨਾਗਰਿ ਗਾਤ ਸ੍ਰਿੰਗਾਰ ।।
ਮਹਲ ਝਰੋਖਨ ਬੈਠ ਤੀਯ ਨਿਰਖਤਿ ਨੰਦ ਕੁਮਾਰ ।।੧੮।।੪੪੩।।੧੦੭੫।।
ਚੌ ਪਈ ।। ਪਉਰ ਦ੍ਵਾਰ ਠਾਢੀ ਪੁਰਨਾਰਿ ।। ਉਲਟੋ ਸੂਧੋ ਸਜੇ ਸ੍ਰਿੰਗਾਰ ।।
ਸਭਹਿ ਦਿਖਾਵਹਿਂ ਕ੍ਰਿਸਨ ਬਲਰਾਮ ।। ਗੋਰੇ ਬਲ ਸਾਵਲ ਘਨਸਜਾਮ ।।੧੯।।੪੪੪।।੧੦੭੬।।
ਚੌ ।। ਨੀਲਾਂਬਰ ਪਟ ਪੀਲੇ ਧਰੈ ।। ਮੋਹਤ ਮਨ ਮੋਹਨ ਅਨੁਸਰੈ ।।
ਕੰਸ ਭਾਨਜੇ ਏ ਦੋਊ ਬਾਲ ।। ਛੈਲ ਛਬੀਲੇ ਚਖਨ ਰਸਾਲ ।।੨੦।।੪੪੫।।੧੦੭੭।।
ਚੌ ।। ਚੰਦਨ ਮ੍ਰਿਗਮਦ ਪੁਹਪ ਅਨੂਪ ।। ਡਾਰਤਿ ਚਰਚਿਤ ਜੁਗਲ ਸਰੂਪ ।।

Sri Satguru Jagjit Singh Ji eLibrary NamdhariElibrary@gmail.com

ਭਾਗ ਸਰਾਹਤਿ ਸਖੀ ਸੁਜਾਨ ॥ ਦਰਸੇ ਆਜ ਸਖੀ ਦ੍ਰਿਗ ਕਾਨ ॥੨੧॥੪੪੬॥੧੦੭੮॥

ਚੌ ॥ ਦੇਖਤ ਨਗਰ ਕ੍ਰਿਸਨ ਬਲਰਾਮ ॥ ਫਿਰਤ ਨਗਰ ਨਿਰਖਤ ਸੁਖਧਾਮ ॥

ਰਜਕਨ ਬਸਨ ਨ੍ਰਿਪ ਮਾਰਗ ਮਾਹਿ ॥ ਦੇਖ ਜੋ ਕ੍ਰਿਸਨ ਬਸਨ ਪੁਰਨਾਹਿ ॥੨੨॥੪੪੭॥੧੦੭੯॥

ਨਿਕਟ ਜਾਇ ਹਰਿ ਕਹੇ ਸੁਨਾਇ ॥ ਹਮ ਕੋ ਪਟ ਦੇ ਧੋਜੋ ਰਾਇ ॥

ਫੇਰ ਦੈਹੁੰ ਪਟ ਤੁਮਹਿ ਮਿਲ ਰਾਇ ॥ ਜੋ ਪੈਹਉਂ ਅਰਧ ਦੈਹਉਂ ਆਇ ॥੨੩॥੪੪੮॥੧੦੮੦॥

ਰਜਕ ਬਾਚ ਚੌ ॥ ਤੂ ਬਨਬਾਸੀ ਧੇਨੁ ਚਰੱਯਾ ॥ ਜਾਤ ਅਹੀਰ ਕਾਮਰੀ ਓਢੱਯਾ ॥

ਗੂਜਰ ਜਾਤ ਨਟ ਕੋ ਧਰਿ ਬੇਸ ॥ ਏ ਪਹਿਰੇਂਗੇ ਬਸਨ ਨਰੇਸ ॥੨੪॥੪੪੯॥੧੦੮੧॥

ਚੌ ॥ ਪੁਨ ਮਾਂਗੇ ਬਸਨ ਤਿਨ ਪਾਸ ॥ ਬੋਲੇ ਰਜਕ ਕੋਪ ਕਰ ਹਾਸ ॥

ਨ੍ਰਿਪ ਕੇ ਪਟ ਪਹਿਰੇਂ ਹੁਇ ਗ੍ਵਾਰ ॥ ਫੁਨ ਅਸ ਕਹਜੋ ਤੁ ਡਾਰਹੁੰ ਮਾਰ ॥੨੫॥੪੫੦॥੧੦੮੨॥

ਚੌ ॥ ਕੋਪ ਕਰੇ ਬਚ ਰਜਕ ਬਿਚਾਰ ॥ ਤ੍ਰਿਛੇ ਕਰ ਕੋ ਕਰਜੋ ਪਰਿਹਾਰ॥

ਕਦੂਆ ਸਮ ਸਿਰ ਟੂਟ ਧਰ ਭਜੇ ॥ ਭਾਗ ਰਜਕ ਮੋਟਨ ਕਹੁ ਤਜੇ ॥੨੬॥੪੫੧॥੧੦੮੩॥

ਚੌ ॥ ਕ੍ਰਿਸਨ ਦਨੇ ਬਸਨ ਲੀਨਜੋ ਛੋਰ ॥ ਪਹਿਰੇ ਗ੍ਵਾਲ ਸਖਾ ਬਰ ਜੋਰ ॥

ਬਸਨ ਸਖਾ ਪ੍ਰਤਿ ਕ੍ਰਿਸਨ ਲੁਟਾਇ ॥ ਅਤਿ ਪਰਸਨ ਗੋਪਨ ਹਰਿ ਰਾਇ ॥੨੭॥੪੫੨॥੧੦੮੪॥

ਚੌ ॥ ਉਲਟੇ ਪੁਲਟੇ ਬਸਨ ਤਨੁ ਧਾਰ ॥ ਭਏ ਪ੍ਰਸੰਨ ਸਭਿ ਸਖਾ ਮੁਰਾਰਿ ॥

ਸੂਜੀ ਬਿਨਯ ਕੀਨ ਕਰ ਜੋਰ ॥ ਬਸਨ ਪਹਿਰਾਵਹੁ ਨੰਦ ਕਿਸੋਰ ॥੨੮॥੪੫੩॥੧੦੮੫॥

ਚੌ ॥ ਹਰਿ ਆਗਜਾ ਸੂਜੀ ਕਹੁ ਦੀਨ ॥ ਬਸਨ ਸੁਧਾਰਹੁ ਭਗਤਿ ਪ੍ਰਬੀਨ ॥

ਤਤਛਿਣ ਪਟ ਸੁਧਾਰਿ ਪਹਿਰਾਇ ॥ ਪ੍ਰਸੰਨ ਕਰਜੋ ਸੂਜੀ ਜਦੁਰਾਇ ॥੨੯॥੪੫੪॥੧੦੮੬॥

ਚੌ ॥ ਕੰਸ ਕੋ ਮਾਲੀ ਸੁਦਾਮਾ ਨਾਮ ॥ ਪੁਹਪ ਮਾਲ ਲਾ ਕੇ ਨ੍ਰਿਪ ਧਾਮ ॥

ਜਾਤ ਹੁਤੇ ਮਗ ਮਿਲੇ ਗੁਪਾਲ ॥ ਹਰਿ ਜੁਤ ਮਾਲ ਪਹਿਰਾਯੋ ਸਭਿ ਗ੍ਵਾਲ ॥੩੦॥੪੫੫॥੧੦੮੭॥

ਇਤਿ ਸ੍ਰੀ ਦਸਮ ਸਕੰਧੇ ਮਹਾ ਪੁਰਾਣੇ ਪੁਰ ਪ੍ਰਵੇਸੋ ਚਤੁਵਾਰਿੰਸੋ ਧਯਾਯ: ॥੪੦॥

ਦੋਹਰਾ ॥ ਮਗ ਜਾਵਤ ਕੁਬਿਜਾ ਮਿਲੀ ਮ੍ਰਿਗਮਦ ਪੂਰ ਕਟਰ ॥

ਨਿਰਖ ਰੂਪ ਘਨ ਸਜਾਮਕੋ ਬਿਨਜ ਕਰੈ ਕਰ ਜੋਰ ॥੧॥੪੫੬॥੧੦੮੮॥

ਕਾਨਜੂ ਬਾਚ ਚੌ ॥ ਕੋ ਤੈਂ ਕਹਾਂ ਜਾਤ ਹੇ ਬਾਮ ॥ ਅਰਥ ਤਿਹਾਰੋ ਕਿਆ ਤੁਅ ਨਾਮ ॥

ਕੁਬਿਜਾ ਬਾਚ ॥ ਦਾਸੀ ਕੰਸ ਕੁਬਿਜਾ ਮੋਹਿ ਨਾਮ ॥ ਚੰਦਨ ਲੈ ਚਾਲੀ ਨ੍ਰਿਪ ਧਾਮ ॥

॥੨॥੪੫੭॥੧੦੮੯॥

ਚੌ ॥ ਅਹਿ ਨਿਸ ਧਯਾਨ ਰਾਵਰੋ ਧਰਤਿ ॥ ਨਿਤਪ੍ਰਤਿ ਸੇਵਾ ਭੂਪਤਿ ਕਰਤਿ ॥

ਕਾਂਛਾ ਮੋਹਿ ਚਰਚੋਂ ਘਨਸਾਰ ॥ ਆਗਜਾ ਪਾਵੋਂ ਪ੍ਰਭੂ ਤੁਹਾਰ ॥੩॥੬੫੮॥੧੦੯੦॥

Sri Satguru Jagjit Singh Ji eLibrary NamdhariElibrary@gmail.com

ਚੌ ॥ ਆਗਜਾ ਦੀਨੀ ਕੁਬਿਜਾ ਕਾਨ ॥ ਜਾਮਹਿ ਤੂ ਪ੍ਰਸੰਨ ਸੁਇ ਠਾਨ ॥
ਪ੍ਰੇਮ ਸਹਿਤ ਚਰਚੇ ਜੁਗਨੰਦ ॥ ਨਿਰਖਿ ਪ੍ਰੀਤਿ ਤਿਸ ਕਰਿ ਸੁਖਕੰਦ ॥੪॥੪੫੬॥੧੦੬੧॥
ਚੌ ॥ ਪਾਇਨ ਤਰ ਪਾਇਨ ਤਿਸੁ ਧਾਰ ॥ ਚਿਬੁਕ ਪਾਨ ਹਰਿ ਧਰੇ ਸੁਧਾਰ ॥
ਕੁਬਜੀ ਤੇ ਸੂਧੀ ਕਰਿ ਤਾਸੁ ॥ ਪਰਮ ਸੁੰਦਰੀ ਰੂਪ ਗੁਣ ਰਾਸਿ ॥੫॥੪੬੦॥੧੦੬੨॥
ਚੌ ॥ ਹਰਿ ਪਰਸਤ ਸੋ ਪਾਵਨ ਭਈ ॥ ਵਡਭਾਗਨਿ ਕੁਬਿਜਾ ਜਗ ਥਈ ॥
ਕੁਬਿਜਾ ਬਾਚ ॥ ਸੂਧੀ ਹਮਹਿ ਕਰੇ ਗੋਪਾਲ॥ਦਾਸੀ ਗ੍ਰਿਹ ਪਧਰੋ ਨੰਦਲਾਲ॥੬॥੪੬੧॥੧੦੬੩॥
ਕਾਨਜੂ ਬਾਚ ਚੌ ॥ ਹਮਰੇ ਹੇਤ ਸਮਰਥ ਪ੍ਰਹਰੇ ॥ ਚੰਦਨ ਚਰਚ ਸੀਤਲ ਮੁਝ ਕਰੇ ॥
ਫੇਰ ਆਓਂ ਜਬਿ ਕੰਸ ਸੰਘਾਰ ॥ ਤੋਕਹੁ ਰਮਹੁੰ ਰੁਚ ਕਰ ਬਿਹਾਰ ॥੭॥੪੬੨॥੧੦੬੪॥
ਚੌ ॥ ਪੁਰ ਕੀ ਨਾਰ ਜੁਰੀ ਤਿਹ ਕਾਲ ॥ ਕਹਿਤ ਪ੍ਰਸੰਨ ਹੁਇ ਕੁਬਿਜਾ ਬਾਲ ॥
ਧਨਜ ਭਾਗ ਥੇ ਕੁਬਿਜਾ ਐਨ ॥ ਹਰਿ ਪਰਸੇ ਕਰਿ ਦਰਸੇ ਨੈਨ ॥੮॥੪੬੩॥੧੦੬੫॥
ਚੌ ॥ ਇਤਿ ਹਰਿ ਸਖਾ ਲੀਏ ਅਗੁਵਾਇ ॥ ਘੋਰ ਘੋਰ ਪੁਰ ਬਿਚਰੇ ਹਰਿ ਰਾਇ ॥
ਧਨੁਖ ਪਉਰ ਹੁਤੋ ਤਹਿਂ ਆਏ ॥ ਕ੍ਰਿਸਨ ਪਵਰੀਯਨ ਵਰਜਤ ਧਾਏ ॥੯॥੪੬੪॥੧੦੬੬॥
ਚੌ ॥ ਜੋਰਾਵਰੀ ਧਨੁਖ ਸਾਲ ਹਰਿ ਗਏ ॥ ਸਿਵ ਕੁਟੰਬ ਉਠਾਇ ਕਰ ਲਏ ॥
ਸਹਿਜ ਭਾਇ ਖਿੰਚੇ ਧਨੁ ਤਾਨ ॥ ਸਾਤ ਟੂਕ ਤਿਸ ਕੀਨੇ ਕਾਨ ॥੧੦॥੪੬੫॥੧੦੬੭॥
ਚੌ ॥ ਭਿਰੇ ਰਖਵਾਰਿ ਕ੍ਰਿਸਨ ਸੰਗ ਜਾਇ ॥ ਤਤਛਿਨ ਦੂਤ ਹਨੇ ਜਦੁਰਾਇ ॥
ਘੋਰ ਸਬਦ ਧਨੁਸ ਭੰਗ ਭਜੋ ॥ ਤ੍ਰਾਸ ਪਾਇ ਕੰਸ ਇਵ ਕਹਯੋ ॥੧੧॥੪੬੬॥੧੦੬੮॥
ਕੰਸਬਾਚ ਚੌ ॥ ਕੈਸੋ ਸਬਦ ਕਹਾਂ ਤੇ ਭਜੋ ॥ ਬੋਲਹਿੰ ਭ੍ਰਿਤੁ ਨੰਦ ਸੁਤ ਅਯੋ ॥
ਧਨੁਸ ਭੰਗ ਪੁਰਿ ਕਰਿ ਉਤਪਾਤ ॥ ਦੇਤ ਦੁਹਾਈ ਭ੍ਰਿਤੁ ਇਸ ਭਾਂਤਿ ॥੧੨॥੪੬੭॥੧੦੬੯॥
ਕੰਸਬਾਚ ਚੌ ॥ ਨੰਦ ਸੁਤਨ ਹਨਹੁ ਤੁਮ ਜਾਇ ॥ ਮੁਹਿ ਬੈਰੀ ਤੁਮ ਹਨਹੁ ਰਿਸਾਇ ॥
ਅਸਤ੍ਰ ਸਸਤ੍ਰ ਗਹ ਸਨਮੁਖ ਭਏ ॥ ਓ ਛਿਣ ਮਹ ਸਭੀ ਅਸੁਰ ਹਤ ਲਏ ॥੧੩॥੪੬੮॥੧੧੦੦॥
ਬਚਜੋ ਨ ਤਿਹ ਠਾਂ ਦੂਤਨ ਮਹਿ ਏਕ ॥ ਕ੍ਰਿਸਨ ਕਹੇ ਬਲਦੇਵ ਪ੍ਰਤਿ ਬਚ ਟੇਕ ॥
ਮਗ ਜੋਹਤਿ ਹੈ ਬਬਾ ਜੁਤ ਗੋਪ ॥ ਅਧੁਨਾ ਚਲੋ ਨਹਿ ਕਰਿਹੈਂ ਕੋਪ॥੧੪॥੪੬੯॥੧੧੦੧॥
ਚੌਪਈ ॥ ਗ੍ਵਾਲ ਬਾਲ ਲੈ ਕ੍ਰਿਸਨ ਬਲਰਾਮ ॥ ਡੇਰਹਿੰ ਆਇ ਕੀਨ ਬਿਸ੍ਰਾਮ ॥
ਪੁਰ ਕਹੁ ਸੋਭ ਤਾਤ ਪਹਿ ਕਹਿਤ ॥ ਨੰਦ ਕ੍ਰਿਸਨ ਪ੍ਰਤਿ ਸਿਛਜਾ ਬਦਤ ॥੧੫॥੪੭੦॥੧੧੦੨॥
ਨੰਦਬਾਚ ਚੌ ॥ ਪੁਤ੍ਰ ਉਪਦ੍ਰਵ ਇਹਾਂ ਜਿਨ ਕਰੋ ॥ ਕੰਸ ਰਾਇ ਸੇ ਬਹੁ ਬਿਧ ਡਰੋ ॥
ਇਹਾਂ ਨ ਹੈ ਬ੍ਰਿੰਦਾਬਨ ਗਾਉ ॥ ਮਥੁਰਾ ਇਹਾਂ ਕੰਸ ਕੋ ਠਾਉਂ ॥੧੬॥੪੭੧॥੧੧੦੩॥
ਚੌਪਈ ॥ ਲਾਡ ਸਹਿਤ ਭੋਜਨ ਪਿਤ ਪਾਹਿ ॥ ਮਾਗਤ ਕ੍ਰਿਸਨ ਦੀਨ ਜੇ ਪਾਹਿ ॥

Sri Satguru Jagjit Singh Ji eLibrary NamdhariElibrary@gmail.com

।ੰ ੍ ਦੀਨ ਕਲੰਊ ਨੰਦ ਗੋਪਾਲ ॥ ਰਾਮ ਕ੍ਰਿਸਨ ਖਾਵਹਿੰ ਮਿਲ ਗ੍ਵਾਲ ॥੧੭॥੪੭੨॥੧੧੦੪॥
ਸ੍ਰੀ ਸੁਕੋ ਬਾਚ ਚੌ ॥ ਕ੍ਰਿਸਨ ਪਰਾਕ੍ਰਮ ਤੇ ਡਰਪਾਇ ॥ ਿ ਤਾਤੁਰ ਅਤਿ ਭਜੋ ਕੰਸ ਰਾਇ ॥ ੁ
ਊਠਤਿ ਬੈਠਤਿ ਚਿੰਤਾ ਮਗਨ ॥ ਸੈਨ ਨਮਿਤ ਪ੍ਰਯੰਕ ਧਰਜੋ ਚਰਨ ॥੧੮॥੪੭੩॥੧੧੦੫॥
ਭਯ ਆਤੁਰ ਨਿਸਿ ਨੀਂਦ ਨ ਆਯੋ ॥ ਜਾਗਤ ਸਗਰੀ ਨਿਸਾ ਬਿਤਾਯੋ ॥
ਦੁਸ੍ਵਪਨ ਭ ਜੋ ਸਿਰ ਬਿਨੁ ਪਰਛਾਉ ॥ ਰਕਤ ਮਾਲ ਉਰ ਧਾਰੇ ਚਾਉ ॥੧੯॥੪੭੪॥੧੧੦੬॥
ਖਰ ਚਢਿ ਫਿਰਤਿ ਡਉ ਪਰਜੋ ਚਹੁੰ ਓਰ ॥ ਧਾਵਤ ਭੂਤਨ ਸੰਗ ਤਾਂ ਠਉਰ ॥ ਿ
ਅਤਿ ਆਕੁਲ ਹੁਇ ਮੰਤ੍ਰਨ ਪਾਹਿ ॥ ਕਹਜੋ ਬੁਲਾਵਹਿ ਸਕਲ ਨਰ ਨਾਹਿ ॥੨੦॥੪੭੫॥੧੧੦੭॥
ਚੌ ॥ ਕਉਤਕੀ ਸਭਿ ਆਏ ਜਗ ਸਾਲ ॥ ਨਿਜ ਨਿਜ ਮੰਚ ਬੈਠੇ ਭੂਪਾਲ ॥
ਕੰਸ ਆਇ ਬੈਠ ਜੋ ਨਿਜ ਮੰਚ ॥ ਗਦਾ ਪਾਨ ਸਾਇਕ ਪ੍ਰਤੰਚ ॥੨੧॥੪੭੬॥੧੧੦੮॥
ਚ ॥ ਬਾਜਤਿ ਬਿਬਿਧ ਨਿਸਾਨ ਬਹੁ ਭਾਇ ॥ ਧ੍ਵਜਾ ਪਤਾਕਾ ਬਿਬਿਧ ਫਹਰਾਇ ॥
ਜੁੜਜੋ ਸਮਾਜ ਰੰਗਭੂਮਿ ਭੂਪਾਲ ॥ ਚਢਿ ਬਿਵਾਨ ਸੁਰਗਨ ਸੁਰਬਾਲ ॥੨੨॥੪੭੭॥੧੧੦੯॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਕੰਸ ਦੁਸ੍ਵਪਨ ਦਰਸਨੋ ਏਕ ਚਤੁਵ ਰਿੰਸੋ ਧਜਾਯ: ॥੪੧॥
ਦੋਹਰਾ ॥ ਨੰਦ ਉਪਨੰਦ ਜੁਤ ਪ੍ਰਧਾਨ ਸਭ ਪਹੁੰਚੇ ਰਾਜ ਦਰਬਾਰ ॥
ਕ੍ਰਿਸਨ ਬਲਦਾਊ ਕਹੇ ਸੀਘ੍ਰ ਚਲੋ ਨਿਪ ਦ੍ਵਾਰ ॥੧॥੪੭੮॥੧੧੧੦॥
ਚੌਪਈ ॥ ਤਤਛਿਣ ਚਲੇ ਕ੍ਰਿਸਨ ਬਲਰਾਮ ॥ ਸਛ ਸੰਗ ਸੁਭ ਭੇਸ ਘਨਸ੍ਯਾਮ ॥
ਨਟਵਰ ਭੇਸ ਮੁਖਿ ਰਾਜਿਤ ਚੰਦ ॥ ਪਹੁੰਚੇ ਦ੍ਵਾਰ ਨ੍ਰਿਪ ਦੇਵਕੀ ਨੰਦ ॥੨॥੪੭੯॥੧੧੧੧॥
ਚੌ ॥ ਕੁਵਲੀਯਾ ਪੀੜ ਪਉਰ ਭੂਪਾਲ ॥ ਮਦਮਤ ਝੂਮਤ ਥੋ ਗਜਮਾਲ ॥
ਦਸ ਸਹੰਸ੍ਰ ਗਜ ਬਲ ਤਨ ਧਰੈ ॥ ਕ੍ਰਿਸਨ ਬਲਰਾਮ ਹਨੈ ਨ੍ਰਿਪ ਰਰੈ ॥੩॥੪੮੦॥੧੧੧੨॥
ਬਲਦੇਵ ਬਾਚ ਚੌ ॥ ਰੇ ਗਜਪਾਲ ਦ੍ਵਾਰ ਦੈ ਛੋਰ ॥ ਪ੍ਰਭੁ ਦਰਸਹਿ ਰੰਗ ਭੂਮਿ ਕੀ ਠਉਰ ॥
ਨਾਤੁਰ ਗਜ ਜਗਧਾਮ ਹਰਿ ਪਠੈ ॥ ਭੂਪ ਸਹਿਤ ਘਾਵਹਿ ਜੋ ਹਠੈ ॥੪॥੪੮੧॥੧੧੧੩॥
ਚੌ ਗਜਪਾਲ ਬਾਚ ॥ ਗਊ ਚਰਾਵੈ- ਜਾਤ ਅਹੀਰ ॥ ਤਿਨਹਿ ਠਹਰਾਵਤਿ ਹਰਿ ਰਣਧੀਰ ॥
ਗਜ ਥੇ ਜੁਧ ਜੀਤਿ ਹੋ ਜਬਹਿ ॥ ਜਾਨਹੁ ਬਲੀ ਤੁਮ ਭਟਾ ਤਬਹਿ ॥੫॥੪੮੨॥੧੧੧੪॥
ਚੌ ॥ ਯਾ ਪ੍ਰਕਾਰ ਕਰਜੋ ਸੌ ਰਾੜ ॥ ਬਹੁਰ ਪੇਲ ਦੀਜੋ ਗਜ ਗਾੜ ॥
ਬਲਦਾਊ ਪਰ ਟੂਟਯੋ ਇੰਭ ॥ ਤਲ ਪ੍ਰਹਾਰ ਕੀਨਜੋ ਬਲ ਕੁੰਭ ॥੬॥੪੮੩॥੧੧੧੫॥
ਚੌ ॥ ਫੇਰਜੋ ਮੁਖ ਅਰੁ ਕਰਜੋ ਚਿਕਾਰ ॥ ਗਜਪਾਲ ਭੇ ਡਰਜੋ ਭੂਆਰ ॥
॥ ਜੋ ਏਹਬਾਲ ਮਾਰੇ ਨਹਿ ਜਾਇੰ ॥ ਕੋਪ ਕਰਹਿ ਹਮ ਪਰ ਕੰਸ ਰਾਇ ॥੭॥੪੮੪॥੧੧੧੬॥
ਚੌ । ਯਹਿ ਤੋ ਬਡੋ ਬਲੀ ਲਖ ਪਰੈ ॥ ਬਿਸ੍ਵ ਜੁਰਹਿ ਤਉਹੂ ਨਹਿ ਮਰੈ ॥

Sri Satguru Jagjit Singh Ji eLibrary NamdhariElibrary@gmail.com

ਅਸ ਕਹ ਹੂਲਜੋ ਦੁਰਦ ਬਿਬ ਕਾਲ ॥ ਰਾਮ ਕ੍ਰਿਸਨ ਜੋਧਨ ਦੋਇ ਬਾਲ ॥੮॥੪੮੫॥੧੧੧੭॥
ਚੌ ॥ ਕ੍ਰਿਸਨ ਲਪੇਟੇ ਸੁੰਡ ਹਲਾਏ ॥ ਦੰਤਨ ਤਰ ਦਾਬੇ ਜਦੁਰਾਏ ॥
ਲਘੁ ਤਨ ਕਰਿ ਨਿਸਚੇ ਘਨਸਜਾਮ ॥ ਆਪ ਬਚੇ ਗਜ ਤੇ ਸੁਖਧਾਮ ॥੯॥੪੮੬॥੧੧੧੮॥
ਚੌ ॥ ਬਹੁਰ ਲਲਕਾਰੇ ਗਜ ਘਨਸਜਾਮ ॥ ਫਿਰਜੇ ਕੋਪ ਕਰਿ ਦੁਰਦ ਤਿਹ ਠਾਮ ॥
ਚਾਹੈ ਸੁੰਡਨ ਗਹਿਨ ਗੁਪਾਲ ॥ ਉਦਰ ਲਪਟਨੇ ਹਰਿ ਤਿਹਕਾਲ ॥੧੦॥੪੮੭॥੧੧੧੯॥
ਚੌ ॥ ਬਹੁਰ ਨਿਕਲ ਲਲਕਾਰੇ ਇਭ ॥ ਬਲਦਾਊ ਘੇਰਜੋ ਸੋ ਕੁੰਭ ॥
ਪੋਛ ਸੁੰਡ ਗਹਿ ਦੋਊ ਭ੍ਰਾਤ ॥ ਭ੍ਰਮਤਿ ਫਿਰਤਿ ਮਾਤੇ ਗਜ ਸਾਥ ॥੧੧॥੪੮੮॥੧੧੨੦॥
ਚੌ ॥ ਖੇਡਤ ਹੁਤੇ ਬਛ ਸੰਗ ਹਰੀ ॥ ਤਾ ਪ੍ਰਕਾਰ ਕ੍ਰੀੜਾ ਬਹੁ ਕਰੀ ॥
ਬਹੁਰ ਪੋਛ ਗਹਿ ਗਜ ਜਦੁਰਾਇ ॥ ਪਟਕੇ ਪੁਹਿਮ ਮੁਸ੍ਰਿਕਾ ਹਨ ਤਾਇ॥੧੨॥੪੮੯॥੧੧੨੧॥
ਚੌ ॥ ਭਿਰਯੋ ਮਹਾਵਤਿ ਹਰਿ ਕੇ ਸੰਗ ॥ ਦੰਤ ਉਖਾੜ ਗਜ ਹਨੇ ਤਿਸੁ ਅੰਗ ॥
ਮਾਰ ਮਹਾਵਤਿ ਫਿਰੇ ਗੋਪਾਲ ॥ ਨਿਰਖੇ ਰੰਗਭੂਮਿ ਭੂਪਾਲ ॥੧੩॥੪੯੦॥੧੧੨੨॥
ਚੌ ॥ ਮਲਨ ਮਲ ਲਖੇ ਜਦੁਰਾਇ ॥ ਭੂਪਤਿ ਭੂਪ ਪਹਿਚਾਨੇ ਸੁਖ ਪਾਇ ॥
ਦੇਵਨ ਈਸ ਲਗੇ ਗੋਪਾਲ ॥ ਗ੍ਵਾਲ ਸਖਾ ਜਾਣਹਿ ਨੰਦਲਾਲ ॥੧੪॥੪੯੧॥੧੧੨੩॥
ਚੌ ॥ ਨੰਦ ਉਪਨੰਦ ਲਖੇ ਸਿਸੁ ਸਜਾਮ ॥ ਯੁਵਤਿਨ ਲਖੇ ਰੂਪ ਅਭਿਰਾਮ ॥
ਕੰਸ ਆਦਿ ਸਮੁਝੇ ਗੋਪਾਲ ॥ ਦੁਰ ਜਨ ਥੇ ਜਾਨਹਿ ਨਿਜ ਕਾਲ ॥੧੫॥੪੯੨॥੧੧੨੪॥
ਕੰਸ ਬਾਚ ਚੌ ॥ ਅਰ ਮਲ ਇਨ ਹਨੋ ਤਤਕਾਲ ॥ ਟਾਰ ਲੇਹੁ ਮਮ ਦ੍ਰਿਸ੍ਟਿ ਤੇ ਜੁਗ ਬਾਲ ॥
ਚਾਂਡੂਰ ਬਾਚ ॥ਸੁਨਹੁ ਕ੍ਰਿਸਨ ਹਮ ਸੇ ਤੁਮ ਭਿਰੋ॥ਮਲ ਜੁਧ ਕਰਿ ਭੂਪ ਮਨ ਹਰੋ ॥੧੬॥੪੯੩॥੧੧੨੫॥
ਕਾਨਜੂ ਬਾਚ ਚੌ ॥ ਸੁਨਿ ਚਾਂਡੂਰ ਤੈ ਅਤਿ ਬਲਵਾਨ ॥ ਹਉ ਬਾਲਕ ਨਿਰਬਲ ਅਤਿ ਜਾਨੁ ॥
ਨ੍ਰਿਪ ਕੋ ਸਰਹਿ ਨ ਮੋਸੇ ਕਾਜ ॥ ਸਮਰਥ ਸੇ ਕੀਜੈ ਸਭਿ ਕਾਜ ॥੧੭॥੪੯੪॥੧੧੨੬॥
ਚੌ ॥ ਹਮਹਿ ਬਚਾਇ ਲੀਜਹੁ ਚਾਂਡੂਰ ॥ ਤੁਮ ਨ੍ਰਿਪ ਮਲ ਕਹਾਵਤਿ ਸੂਰ ॥
ਪੁਨ ਬੋਲਯੋ ਚਾਂਡੂਰ ਹਰਿ ਸੰਗ ॥ ਤੁਮ ਹੋ ਮਹਾ ਬਲੀ ਸੁਤ ਨੰਦ ॥੧੮॥੪੯੫॥੧੧੨੭॥
ਚੌ ॥ ਬਜ੍ਰ ਸਾਮਾਨ ਕੁਵੰਡ ਕਹ ਤੇਰ ॥ ਕੁਵਲੀਯਾ ਮਾਰੇ ਤੁਮ ਝਕਝੋਰ ॥
ਤੁਮ ਸੋਂ ਭਿਰਹੁ ਦੋਖ ਨਹਿ ਕੋਇ ॥ ਜਾਮਹਿ ਭੂਪਤਿ ਕੋ ਸੁਖ ਹੋਇ ॥੧੯॥੪੯੬॥੧੧੨੮॥
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਕੁਵਲੀਯਾ ਪੀੜ ਬਧੋ ਦ੍ਵ ਚਤੁਵਾਰਿੰਸੋ ਧਯਾਯ: ॥੪੨॥
ਦੋਹਰਾ ॥ ਭਿਰਜੋ ਚਾਂਡੂਰ ਸੰਗ ਹਰਿ ਮੁਸ੍ਟਿਕ ਭਿਰਜੋ ਬਲਰਾਮ ॥
ਮਲਜੁਧ ਆਰੰਭ ਭਉ ਨਿਰਖਤਿ ਸੁਰ ਨਰ ਬਾਮ ॥੧॥੪੯੭॥੧੧੨੯॥
ਚੌ ॥ ਕਰਹਿ ਪਰਸਪਰ ਬਾਤਨ ਨਾਰ ॥ ਇਹਾਂ ਨ ਰਹਿਨੇ ਕਾ ਅਧਿਕਾਰ ॥

Sri Satguru Jagjit Singh Ji eLibrary NamdhariElibrary@gmail.com

ਕਹਾ ਸਿਸੁਨ ਅਰੁ ਕਹਾ ਚਾਂਡੂਰ ।। ਵਰਜਹਿ ਰਿਸ ਮਾਨਹਿ ਨ੍ਰਿਪ ਮੂੜ ।।੨।।੪੯੮।।੧੧੩੦।।
ਚ ।। ਹੋਨ ਲਗੇ ਤਹਂ ਜੁਧ ਦੁਰੰਤ ।। ਮਲਨ ਸੰਗ ਉਰਝੇ ਭਗਵੰਤ ।।
ਦਾਉ ਪੇਚ ਕਰ ਪੁਹਮੀ ਡਾਰ ।। ਮੁਸ੍ਟਿਕਾ ਚਾਂਡੂਰ ਲੀਨੇ ਹਰਿ ਮਾਰ ।।੩।।੪੯੯।।੧੧੩੧।।
ਚੌ ।। ਬਹੁਰ ਭਿਰੇ ਆਇ ਮਲ ਅਨੇਕ ।। ਤਤਛਿਣ ਹਨੇ ਦੋਊ ਬੰਧੁ ਇਕਾਏਕ ।।
ਬਾਜਨ ਬਜਜੋ ਹਰਖ ਹਰਿ ਸੰਤ ।। ਚਢਿ ਬਿਵਾਨ ਸੁਰ ਸੁਮਨ ਬਰਖੰਤ ।।੪ ।।੫੦੦।।੧੧੩੨।।
ਕੇਸਬਾਚ ਚੌ ।। ਅਰੇ ਮੂੜ ਕਿਉਂ ਬਾਜ ਬਜਾਯੋ ।। ਕ੍ਰਿਸਨ ਜੀਤਿ ਤੇ ਤੁਮ ਸੁਖ ਪਾਯੋ ।।
ਮਾਰਹੁ ਦੇਵਕੀ ਬਸੁਦੇਵ ਉਗ੍ਰਸੈਨ ।। ਕਪਟੀ ਬਡੋ ਏ ਸਿਸੁਨ ਅਚੈਨ ।।੫।।੫੦੧।।੧੧੩੩।।
ਚੌ ।। ਇਨ ਕੋ ਨਾਸ ਕਰਹੁ ਤਤਕਾਲ ।। ਇਹ ਹੈਂ ਸਭਿ ਅਸੁਰਨ ਕੇ ਕਾਲ ।।
ਸੁਨਿ ਬਚ ਜਾਇ ਚਢੇ ਹਰਿ ਮੰਚ ।। ਬੈਠੋ ਹੁਤੋ ਰਚਿ ਕੰਸ ਪ੍ਰਪੰਚ ।।
ਚਰਮ ਬਰਮ ਸਜੇ ਬਹੁ ਭਾਇ ।। ਪਹੁੰਚੇ ਜਾਇ ਤਹਾਂ ਜਦੁਰਾਇ ।।੬।।੫੦੨।।੧੧੩੪।।
ਚੌ ।। ਲਾਗਾ ਕਰਨ ਜੁਧ ਹਰਿ ਸਾਥ ।। ਦਾਵ ਘਾਵ ਕੀਨੇ ਬਹੁ ਭਾਂਤਿ ।।
ਚਿਰ ਲਉ ਜੁਧ ਮੰਡਜੋ ਹਰਿ ਕੰਸ ।। ਕਉਤਕ ਦੇਖੈ ਸਭਿ ਜਦੁਬੰਸ ।।੭।।੫੦੩।।੧੧੩੫।।
ਚੌ ।। ਦਾਉ ਬਚਾਇ ਕੇਸ ਗਹਿ ਕੰਸ ।। ਪਟਕੇ ਪੁਹਮਿ ਹਰਿ ਅਸੁਰ ਬਿਧ੍ਵੰਸ ।।
ਮੰਚ ਤੇ ਕੂਦ ਪਰੇ ਗੋਪਾਲ ।। ਮਾਰਜੋ ਕੰਸ ਜਗ ਕਰਜੋ ਨਿਹਾਲ ।।੮।।੫੦੪।।੧੧੩੬।।
ਚੌ ।। ਬੋਲ ਉਠੇ ਸਭਿ ਸਭਾ ਨਰ ਨਾਰ ।। ਮਾਰਾ ਕੰਸ ਨ੍ਰਿਪ ਨੰਦ ਕੁਮਾਰ ।।
ਕਰਤ ਬਧਾਈ ਸੁਰ ਸੁਰਨਾਰ ।। ਪੁਹਪ ਵਰਸਾਵਤਿ ਕਰਤ ਜੈਕਾਰ ।।੯।।੫੦੫।।੧੧੩੭।।
ਦੋਹਰਾ ।। ਅਸਤੁਤਿ ਕਰਤਿ ਹਰਿ ਕੀ ਸਬੈ ਨਰ ਨਾਰੀ ਸੁਰ ਨਾਰ ।।
ਦੁੰਦਭਿ ਗਗਨ ਬਜਾਵਹੀ ਗਾਵਤਿ ਮੰਗਲਚਾਰ ।।੧੦।।੫੦੬।।੧੧੩੮।।
ਦੋ ।। ਅਸ੍ ਭ੍ਰਾਤ ਨ੍ਰਿਪ ਕੰਸ ਕੇ ਹਰਿ ਸੰਗ ਭਿਰੇ ਪ੍ਰਚਾਰ ।।
ਅਸੁਰਨ ਜੁਤ ਮਾਰੇ ਹਰੀ ਮੰਗਲ ਭਯੋ ਅਪਾਰ ।।੧੧।।੫੦੭।।੧੧੩੯।।
ਚੌ ।। ਲੋਥ ਘਸੀਟ ਜਮੁਨਾ ਤਟ ਲਾਏ ।। ਬਿਸ੍ਰਾਮ ਘਾਟ ਸੋਂ ਨਾਮ ਧਰਾਏ ।।
ਨਾਰਨ ਕੰਸ ਜਮੁਨ ਤਟ ਆਏ ।। ਰੋਵਨ ਲਗੀ ਪਤਿ ਕੇ ਗੁਨ ਗਾਏ ।।੧੨।।੫੦੮।।੧੧੪੦।।
ਕਾਨਜੂ ਬਾਚ ਚੌ ।। ਕ੍ਰਿਪਾਸਿੰਧੁ ਕਰੁਨਾ ਚਿਤ ਕੀਨ ।। ਨ੍ਰਿਪ ਨਾਰਨ ਢਿਗ ਗਏ ਪ੍ਰਬੀਨ ।।
ਸੁਨਹੁ ਮਾਈ ਯਾ ਜਗ ਬਿਵਹਾਰ ।। ਨਹ ਕੋ ਪੁਰਸ ਨਹੀ ਕੋ ਨਾਰ ।।
ਮ੍ਰਿਤਯੁ ਧਰਮ ਦੇਹ ਧਾਰ ਜਗ ਮਾਹਿ ।। ਮਰ ਮਰ ਜਨਮੇ ਅਸਥਿਰ ਕੋ ਨਾਹਿ ।।੧੩।।੫੦੯।।੧੧੪੧।।
ਚੌ ।। ਹਰਿ ਉਪਦੇਸ ਭਈ ਮਨ ਸਾਂਤਿ ।। ਬਾਰ ਦੀਨ ਮੁਖ ਕੰਸ ਤਜਿ ਭ੍ਰਾਂਤਿ ।।
ਕ੍ਰਿਸਨ ਦਹੇ ਮਾਮਾ ਕੀ ਦੇਹ ।। ਕੀਨ ਉਧਾਰ ਕੰਸ ਸੁਨ ਲੇਹ ।।੧੪।।੫੧੦।।੧੧੪੨।।
ਇਤਿ ਸ੍ਰੀ ਦਸਮ ਸਕੰਧੇ ਮਹਾਪੁਰਾਣੇ ਕੰਸਾਸੁਰ ਬਧੋ ਤ੍ਰਯਚਤੁਵਾਰਿੰਸੋ ਧਯਾਯ: ।।੪੩।।

Sri Satguru Jagjit Singh Ji eLibrary NamdhariElibrary@gmail.com

ਦੋਹਰਾ ॥ ਕੰਸ ਦਾਹ ਹਰਿ ਪੁਰ ਅਏ ਰਾਨੀ ਮੰਦਿਰ ਮਾਹਿ ॥
ਬਸੁਦੇਵ ਦੇਵਕੀ ਜਹਂ ਹੁਤੇ ਹਰਿ ਪਧਰੇ ਤਿਹਂ ਠਾਹਿ ॥੧॥੫੧੧॥੧੧੪੩॥
ਚੌ ॥ ਹਸਤਪਾਦ ਕੇ ਬੰਧੁ ਕਟਾਏ ॥ ਹਾਥ ਜੋੜ ਪਦ ਰਜ ਮੁਖ ਲਾਏ ।
ਬੇਦਨ ਕੀਨ ਪਿਤ ਮਾਤ ਜੁਗ ਬੰਧੁ ॥ ਪੁਨ ਪੁਨ ਬਿਨਯ ਕਰਤ ਸਤ ਸਿੰਧੁ ॥੨॥੫੧੨॥੧੧੪੪॥
ਦੋਹਰਾ ॥ ਗਜਾਨ ਭਯੋ ਬਸੁਦੇਵ ਹੀਯ ਦੇਖ ਦਰਸ ਗੋਬਿੰਦ ॥
ਭਾਰ ਉਤਾਰਨ ਪ੍ਰਿਥਵੀ ਪ੍ਰਗਟੇ ਜਗਤ ਮੁਕੰਦ ॥੩॥੫੧੩॥੧੧੪੫॥
ਚੌਪਈ ॥ ਕ੍ਰਿਸਨ ਲਖੇ ਬਸੁਦੇਵ ਹੀਯ ਗਜਾਨ ॥ ਲਖੈ ਮੁਝੈ ਈਸ੍ਵਰ ਭਗਵਾਨ ॥
ਤਤਛਿਣ ਮਾਯਾ ਬੁਧਿ ਹਰਿ ਲੀਨ ॥ ਸੁਤ ਜਾਨਤ ਭੇ ਕ੍ਰਿਸਨ ਪ੍ਰਬੀਨ । ੪॥੫੧੪॥੧੧੪੬॥
ਕਾਨਜੂਬਾਚ ਚੌ ॥ ਹਰਿ ਬਹੁ ਬਿਨਯ ਕੀਨ ਪਿਤ ਮਾਤ ॥ ਹਮ ਹਿਤੁ ਤੁਮ ਦੁਖ ਸਹੇ ਬਹੁ ਤਾਤ ॥
ਤੁਮਰੇ ਉਦਰ ਮਹਿ ਲੀਯੋ ਪ੍ਰਕਾਸ ॥ ਸੇਵ ਨ ਤੁਮਰੀ ਕਰੀ ਅਭਿਲਾਖ ॥੫॥੫੧੫॥੧੧੪੭॥
ਚੌ ॥ ਪਰਬਸ ਰਹੇ ਪਰ ਗ੍ਰਿਹ ਕਰੇ ਬਾਸ ॥ ਸੇਵ ਨ ਕੀਨੀ ਤੁਮਰੀ ਦਾਸ ॥
ਰਿਨੀ ਤੁਮਾਰੇ ਹਮ ਹੈਂ ਦੇਵ ॥ ਜਾਨ ਲੇਹੁ ਕਛੁ ਕਰੀ ਨ ਸੇਵ ॥੬॥੫੧੬॥੧੧੪੮॥
ਚੌ ॥ ਸੁਨਿ ਸੁਖ ਮਾਨੇ ਹਰਿ ਕੋ ਤਾਤ ॥ ਲੀਨ ਲਗਾਇ ਹਿਰਦਯ ਪਿਤੁ ਮਾਤ ॥
ਜਨਕ ਜਨਨਿ ਸੁਖ ਦੈ ਜਦੁਰਾਇ ॥ ਉਗ੍ਰਸੈਨ ਕਉ ਸੀਸ ਝੁਕਾਇ ॥੭॥੫੧੭॥੧੧੪੯॥
ਚੌ ॥ ਨਾਨਾ ਜੂ ਸਿਰ ਛਤ੍ਰ ਫਿਰਾਓ ॥ ਸੁਭ ਦਿਨ ਸੁਭ ਨਿਛਤ੍ਰ ਹੈ ਰਾਓ ॥
ਉਗ੍ਰਸੈਨ ਬਾਚ॥ ਅਸੁਰ ਸਹਿਤ ਪ੍ਰਭ ਮਾਰੇ ਕੰਸ ।ਅਕੰਟਕ ਕੀਨ ਸਕਲ ਜਦੁਬੰਸ॥੮॥੫੧੮॥੧੧੫੦।
ਚੌ ॥ ਤੁਮ ਪ੍ਰਭੁ ਕਰੋ ਮਥੁਰਾ ਕੋ ਰਾਜ ॥ ਤੁਮ ਕੌ ਛਾਡਹਿ ਰਾਜ ਸਮਾਜ ॥
ਕਾਨਜੂ ਬਾਚ ॥ ਪੂਰਬ ਜਦੁ ਕੋ ਪਿਤਾ ਸਰਾਪ ॥ ਨ੍ਰਿਪ ਜਜਾਤਿ ਦੀਨਿ ਕਰ ਤਾਪ ॥
ਜੁਬਾ ਅਵਸਥਾ ਜਦੁ ਨਹੀ ਦੀਨ ॥ ਤਦ ਤੇ ਜਦੁ ਕੁਲ ਰਾਜ ਤੇ ਹੀਨ ॥੯॥੫੧੯॥੧੧੫੧॥
ਚੌ ॥ ਪੁਰੂ ਜੁ ਲਘੁ ਸੁਤ ਨ੍ਰਿਪਤਿ ਜਜਾਤਿ ॥ ਦੀਨ ਤਰੁਨਪਨ ਅਪਨੇ ਤਾਤਿ ॥
ਨ੍ਰਿਪ ਪ੍ਰਸੰਨ ਵਰ ਪੁਰੂ ਦੀਨ ॥ ਤੁਮ ਕੁਲ ਅਸਿਥਿਰ ਅਬ ਚੀਨ ॥ ੦॥੫੨੦॥੧੧੫੨॥
ਚੌ ॥ ਤਾਂਤੇ ਜਦੁਕੁਲ ਰਾਜ ਨ ਹੋਇ ॥ ਇਹ ਬ੍ਰਿਤਾਂਤ ਜਾਨਤਿ ਸਭਿ ਕੋਇ ॥
ਜੋ ਤੁਮਰੀ ਆਗਜਾ ਨਹੀ ਮਾਨਾ ॥ ਤਾਕਹ ਦੰਡ ਦੇਉਂ ਬਿਧਿ ਨਾਨਾ ॥੧੧॥੫੨੧॥੧੧੫੩॥
ਚੌ ॥ ਜਦੁਬੰਸ ਜੇ ਕੰਸ ਕੋ ਤ੍ਰਾਸੁ ॥ ਭਜੇ ਬਸੇ ਗਿਰ ਕੰਦਰ ਬਾਸੁ ॥
ਤਾਹਿ ਖੋਜ ਮਧ ਪੁਰੀ ਬਸਾਓ ॥ ਗੌ ਦਿਜ ਦੇਵਨ ਪੂਜ ਕਰਾਓ ॥੧੨॥੫੨੨॥੧੧੫੪॥
ਦੋਹਰਾ ॥ ਰਾਜ ਦੀਨ ਉਗ੍ਰਸੈਨ ਹਰਿ ਭਗਤਿ ਆਪੁਨੋ ਜਾਨੁ ॥
ਆਤਪਤ੍ਰ ਸਿਰ ਛਤ੍ਰ ਧਰਿ ਤਿਲਕ ਦੀਨੁ ਰਾਜਾਨ ॥੧੩॥੫੨੩॥੧੧੫੫॥

Sri Satguru Jagjit Singh Ji eLibrary NamdhariElibrary@gmail.com

ਚੌਪਈ ॥ ਭੂਖਨ ਬਸਨ ਬਿਬਿਧ ਹਰਿ ਲੀਨ ॥ ਨੰਦ ਰਾਇ ਢਿਗ ਗਵਨੇ ਕੀਨ ॥
ਹਾਥ ਜੋੜ ਬਹੁ ਬਿਨਤੀ ਠਾਨੀ ॥ ਬਹੁਤ ਲਡਾਇ ਹਮਹ ਸੁਰ ਗਜਾਨੀ ॥੧੪॥੫੨੪॥੧੧੫੬॥

ਚੌ ॥ ਪਰਪੁਤ੍ਰ ਕਰਿ ਹਮਹਿ ਨ ਜਾਨਾ ॥ ਅਪੁਨੁ ਪੁਤ੍ਰ ਕਰਿ ਹਮਹ ਪਛਾਨਾ ॥
ਜਸੁਧਾ ਹੂੰ ਮੋਸੇ ਅਸ ਨੇਹੁ ॥ ਪੁਤ੍ਰ ਜਾਨ ਅਤਿ ਕਰਹ ਸਨੇਹੁ ॥੧੫॥੫੨੫॥੧੧੫੭॥

ਚੌ ॥ ਤੁਮਰੋ ਰਿਣ ਮੁਝ ਦੀਯੋ ਨ ਜਾਇ ॥ ਰਸਨਾ ਅਨੰਤ ਹੋਇ ਤਉ ਨ ਸਕਾਇ ॥
ਬੁਰਾ ਨ ਮਾਨਹੁ ਪਿਤਾ ਪ੍ਰਬੀਨ ॥ ਅਬ ਹਮ ਮਥੁਰਾ ਬਸਹਿ ਸੁਖੀਨ ॥੧੬॥੫੨੬॥੧੧੫੮॥

ਚੌ ॥ ਜਦੁਬੰਸੀ ਕੀ ਸੁਧਿ ਹਮ ਲੇਂਹ ॥ ਮਾਤ ਪਿਤਾ ਕੋ ਹਮ ਸੁਖ ਦੇਂਹ ॥
ਹਮ ਹਿਤ ਸਹੇ ਕਸ੍ਟ ਤਿਨ ਭਾਰੀ ॥ ਬਿਕਲ ਕੀਨ ਕੰਸ ਦੁਰਾਚਾਰੀ ॥੧੭॥੫੨੭॥੧੧੫੯॥

ਚੌ ॥ ਤੁਮਰੋ ਪੁਤ੍ਰ ਹਮ ਸਦਾ ਕਹਾਵੈ ॥ ਤੁਮ ਸੁਤ ਕਹਾਇ ਬਹੁਤ ਜਸ ਪਾਵੈਂ ॥
ਭੂਸਨ ਬਸਨ ਪਿਤੁ ਆਗੇ ਧਰੈ ॥ ਕਹ ਜੋ ਮਈਯਾ ਮਮ ਸੋਕ ਨ ਕਰੈ ॥੧੮॥੫੨੮॥੧੧੬੦॥

ਦੋਹਰਾ ॥ ਯਹਿ ਸੁਨਿ ਆਕੁਲ ਨੰਦ ਚਿਤ ਲੇਨ ਲਗੇ ਉਰਧ ਸਾਸ ॥
ਕਹਾ ਕਹਤਿ ਹੈ ਕਾਨ ਬਚ ਸੁਨ ਸੁਨ ਹੋਤ ਉਦਾਸ ॥੧੯॥੫੨੯॥੧੧੬੧॥

ਸੁਦਾਮਾ ਬਾਚ ਚੌਪਈ ॥ ਬੋਲਜੋ ਸੁਦਾਮਾ ਹਰਿ ਕਾ ਮੀਤ ॥ ਕ੍ਰਿਸਨ ਕਰਤ ਹੋ ਤੁਮ ਬਿਪ੍ਰੀਤਿ ॥
ਮਥੁਰਾ ਦੇਖ ਤੁਮ ਲਾਲਚ ਕਰੇ ॥ ਤਾਤੇ ਨਿਠੁਰਤਾ ਨਿਜ ਚਿਤ ਧਰੇ ॥੨੦॥੫੩੦॥੧੧੬੨॥

ਚੌ ॥ ਬ੍ਰਿੰਦਾਬਨ ਕੋ ਰਾਜ ਤੁਮ ਕਰੋ ॥ ਮਥੁਰਾ ਕੋ ਸੁਖ ਚਿਤ ਨ ਧਰੋ ॥
ਭਲਾ ਕੀਨ ਕੰਸ ਤੁਮ ਮਾਰੇ ॥ ਸੰਗ ਮਹਰ ਤੁਮ ਚਲੋ ਪਿਆਰੇ ॥੨੧॥੫੩੧॥੧੧੬੩॥

ਚੌ ॥ ਰਾਜ ਦੇਖ ਮਤਿ ਭੂਲਹੁ ਮੀਤਿ ॥ ਨੰਦ ਜਸੋਧਾ ਸੇ ਕਰੁ ਪ੍ਰੀਤਿ ॥
ਪਰਾਧੀਨਿ ਹੈ ਮਥੁਰਾ ਰਹਹੁ ॥ ਨ੍ਰਿਪ ਕੀ ਆਗਜਾ ਸਿਰ ਪਰ ਸਹਹੁ ॥੨੨॥੫੩੨॥੧੧੬੪॥

ਚੌ ॥ ਬ੍ਰਿੰਦਾਬਨ ਸੋ ਅਵਰੁ ਨ ਦੇਸ ॥ ਸਦ ਬਸੰਤ ਤਹ ਨਹੀਂ ਕਲੇਸ ॥
ਗ੍ਵਾਲ ਬਾਲ ਗੋਪੀ ਅਰੁ ਗਾਇ ॥ ਤਿਨਿ ਨ ਬਿਸਾਰਹੁ ਹੇ ਬ੍ਰਿਜ ਰਾਇ ॥
ਜਹਾਂ ਤਹਾਂ ਸਭਿ ਸਖਾ ਗ੍ਵਾਲ ॥ ਤੁਮਹਿ ਨ ਛੋਡਹਿ ਹਮ ਨੰਦਲਾਲ ॥੨੩॥੫ ੩॥੧੧੬੫॥

ਚੌ ॥ ਬਹੁਰ ਕਹੇ ਹਰਿ ਨੰਦ ਸਮੁਝਾਇ ॥ ਗ੍ਵਾਲ ਬਾਲ ਲੈ ਤੁਮ ਅਗੁਵਾਇ ॥
ਬਹੁਰ ਤੁਮਹਿ ਹਮ ਮਿਲਿ ਹੈਂ ਆਇ ॥ ਯਹਿ ਸੁਨਿ ਨੰਦ ਬਹੁਤ ਦੁਖ ਪਾਇ ॥੨੪॥੫੩੪॥੧੧੬੬॥

ਚੌ ॥ ਆਕੁਲ ਨਿਰਖ ਨੰਦ ਬਲਰਾਮ ॥ ਬੋਲੇ ਮ੍ਰਿਦ ਬਾਨੀ ਸੁਖਧਾਮ ॥
ਥੋੜੇ ਦਿਨ ਨ੍ਰਿਖ ਕਰ ਕੈ ਹਰਿ ਕਾਜ ॥ ਆਵਹਿਗੇ ਹਮ ਅਉ ਬ੍ਰਿਜਰਾਜ ॥
ਮਾਤਾ ਹਮ ਬਿਨੁ ਅਤਿ ਦੁਖ ਪਾਇ ॥ ਤਾਂ ਤੇ ਹੇ ਪਿਤੁ ਤੁਮ ਅਗੁਆਇ ॥੨੫॥੫੩੫॥੧੧੬੭॥

Sri Satguru Jagjit Singh Ji eLibrary NamdhariElibrary@gmail.com

ਦੋਹਰਾ ॥ ਨੰਦ ਗਹੇ ਪਗ ਕ੍ਰਿਸਨ ਕੇ ਗਏ ਅੰਗ ਲਪਟਾਇ ॥
ਹਰਿ ਸ਼ਿਸ਼ੇ ਦੁਖ ਨੰਦ ਸਭਿ ਮੋ ਬਿਨੁ ਤਿਹ ਮਰਿ ਜਾਇ । ੨੬॥੫੩੬॥੧੧੬੮॥
ਚੌਪਈ ॥ ਮਹਾ ਮੋਹਨੀ ਮਾਯਾ ਪ੍ਰੇਰੀ ॥ ਕੀਨ ਅਗਜ਼ਾਨਿ ਨੰਦ ਸਭਿ ਕੇਰੀ ॥
ਬੋਲੇ ਕ੍ਰਿਸਨ ਹਮ ਨਿਕਟ ਤੁਮਾਰੇ ॥ ਮਧ ਪੁਰ ਬ੍ਰਿੰਦਾਬਨ ਨਹਿ ਨਜ਼ਾਰੇ ॥੨੭॥੫੩੭॥੧੧੬੯॥
ਚੌ ਈ ॥ ਮੋ ਬਿਨੁ ਦੁਖੀ ਹੋਹਿ ਬ੍ਰਿਜ ਲੋਗ ॥ ਤਾਂ ਤੇ ਤੁਮਹਿ ਪਠੇਂ ਤਜਿ ਸੋਗ ॥
ਕਰ ਜੋਰੇ ਬੋਲੇ ਨੰਦਰਾਇ ॥ ਤੁਮ ਸੇ ਮੇਰੋ ਕਛੁ ਨ ਬਸਾਇ ॥
ਕਹੋ ਤੁਮਾਰ ਡਾਰਹੁ ਨਾਹਿ ॥ ਜੋ ਤੁਮ ਕਹਹੁ ਸੋ ਹਮਹੁੰ ਕਰਾਹਿੰ ॥੨੮॥੫੩੮॥੧੧੭੦॥
ਚੌ ॥ ਗੋਪ ਗ੍ਵਾਲ ਲੈ ਬਿਦਾ ਨੰਦ ਰਾਇ ॥ ਹਰਿ ਮੂਰਤਿ ਉਰ ਧਰਿ ਪਧਰਾਇ ॥
ਕਈ ਇਕ ਸਖਾ ਸਹਿਤ ਜਦੁਰਾਇ ॥ ਮਥੁਰਾ ਰਹੇ ਹਿਰਦਯ ਸੁਖ ਪਾਇ ॥੨੯॥੫੩੯॥੧੧੭੧॥
ਚੌ ॥ ਸੋਚਿਤ ਨੰਦ ਮਗ ਗੋਪ ਗ੍ਵਾਲ ॥ ਪਹੁੰਚੇ ਬ੍ਰਿੰਦਾਬਨ ਉਰ ਸਾਲ ॥
ਜਸੁਧਾ ਧਾਈ ਹਰਿ ਕੀ ਮਾਇ ॥ ਕ੍ਰਿਸਨ ਨ ਦੇਖੇ ਅਤਿ ਦੁਖ ਪਾਇ ॥੩੦॥੫੪੦॥੧੧੭੨॥
ਜਸੋਧਾ ਬਾਚ ॥ ਕਹਹੁ ਕੇਤ ਕਿਤ ਕ੍ਰਿਸਨ ਬਲਰਾਮ ॥ ਕਹ ਗਵਾਈ ਨਿਧਿ ਘਨਸ਼ਯਾਮ ॥
ਭੂਖਨ ਬਸਨ ਪਲਟੇ ਤਿਨ ਲੀਨ ॥ ਤੁਮ ਸੇ ਚਤੁਰ ਭਏ ਮਤਿ ਹੀਨ ॥੩੧॥੫੪੧॥੧੧੭੩॥
ਚੌ ॥ ਪਲਕ ਓਟ ਜਿਨ ਕੇ ਮਰ ਜਾਤਿ ॥ ਤਿਹ ਬਿਛਰੇ ਜੀਵਨਿ ਕਿਹ ਭਾਂਤਿ ॥
ਯਹਿ ਸੁਨਿ ਨੰਦ ਮਹਾਂ ਦੁਖ ਪਾਇ ॥ ਜਸੁਧਾ ਦੁਖਿਤ ਦੇਖ ਸਕੁਚਾਇ ॥੩੨॥੫੪੨॥੧੧੭੪ ।
ਨੰਦਬਾਚ ਚੌ ॥ ਮੁਝੇ ਸੁਧਿ ਨਹੀ ਬਸਨ ਅਲੰਕਾਰ ॥ ਕਿਨ ਲੀਨੇ ਤਾ ਅਉਸਰ ਗ੍ਵਾਰ ॥
ਕੰਸ ਮਾਰ ਮੋ ਢਿਗ ਹਰਿ ਆਇ ॥ ਮੈ ਬਸੁਦੇਵ ਸੁਤ ਕਹੇ ਸੁਨਾਇ ॥੩੩॥੫੪੩॥੧੧੭੫॥
ਚੌ ॥ ਠਗਮੂਰੀ ਸੀ ਬੈਨ ਸੁਨਾਇ ॥ ਧੀਰਜਿ ਦੇਇ ਮੁਝ ਬਿਦਾ ਕਰਾਇ ॥
ਪੁਤ੍ਰ ਭਾਉ ਅਬਿ ਦੇਹੁ ਬਿਸਾਰ ॥ ਕ੍ਰਿਸਨ ਈਸ ਲਖ ਤਰਹੁ ਸੰਸਾਰ ॥੩੪॥੫੪੪॥੧੧੭੬॥
ਚੌ ॥ ਕਭੀ ਪੁਤ੍ਰ ਕਹਿ ਰੋਵਤਿ ਮਾਏ ॥ ਕਬਹੂੰ ਹਰਿ ਲਖ ਧਯਾਨ ਕਰਾਏ ॥
ਯਾ ਬਿਧਿ ਸਭਿ ਬ੍ਰਿੰਦਾਬਨਿ ਲੋਗ ॥ ਕ੍ਰਿਸਨ ਬ੍ਰਿਹ ਕਰਿ ਆਤੁਰ ਸੋਗ ॥੩੫॥੫੪੫॥੧੧੭੭॥
ਚੌ ॥ ਨੰਦ ਬਿਦਾ ਕਰਿ ਕ੍ਰਿਸਨ ਬਲਰਾਮ ॥ ਆਇ ਬਸੁਦੇਵ ਦੇਵਕੀ ਧਾਮ ॥
ਬਸੁਦੇਵ ਦੇਵਕੀ ਪ੍ਰਤਿ ਕਹੇ ॥ ਪਰ ਗ੍ਰਿਹ ਕ੍ਰਿਸਨ ਬਹੁਤ ਚਿਰ ਰਹੇ ॥੩੬॥੫੪੬॥੧੧੭੮॥
ਚੌ ॥ ਕੁਲ ਕੀ ਰੀਤਿ ਨ ਜਾਨਹਿ ਕੋਇ ॥ ਖਾਇ ਅਹੀਰਨ ਸੰਗ ਏ ਦੋਇ ॥
ਕੁਲ ਪ੍ਰੋਹਤ ਤੇ ਸਕਲ ਸੁਨਾਇ ॥ ਜੇ ਵਹਿ ਕਹੇ ਸੁ ਇਨਹਿ ਕਰਾਇ ॥੩੭॥੫੪੭॥੧੧੭੯॥
ਚੌ ॥ ਗਰਗ ਬੁਲਾਇ ਬਸੁਦੇਵ ਮਹਾਨ ॥ ਕਹੀ ਬਿਰਥਾ ਤਿਨ ਪਹਿ ਸਾਵਧਾਨ ॥
ਗਰਗ ਕਹੈ ਗਜਾਤ ਪਰਿਵਾਰ ॥ ਬੋਲ ਪਠਹੁ ਤਿਨ ਕੁਲਿ ਬਿਵਹਾਰ ॥੩੮॥੫੪੮॥੧੧੮੦॥
ਚੌ ॥ ਜਗਯੋਪਵੀਤ ਕਰੈ ਜੁਗ ਨੰਦ ॥ ਜਦੁਕੁਲ ਕੇਸਭਿ ਰੀਤਿ ਸੁਖੰਦ ॥

Sri Satguru Jagjit Singh Ji eLibrary NamdhariElibrary@gmail.com

ਨਿਵਤ ਪਠਾਏ ਦਿਜਨ ਗਜਾਤ ॥ ਜਾਤਿ ਕਰਮ ਕੀਨੇ ਸੁਭ ਭਾਤਿ ॥੬੯॥੫੪੯॥੧੧੮੧॥

ਚੌ ॥ ਜਗਜੁਪਵੀਤ ਕਰੇ ਜੁਗ ਨੰਦ ॥ ਬਿਧਵਤ ਬੇਦਨ ਬਿਧਨ ਕਰੰਦ ॥

ਪਢਨ ਹੇਤੁ ਹਲਧਰ ਗੋਬਿੰਦ ॥ ਦੀਨ ਪਠਾਇ ਬਸੁਦੇਵ ਜੁਗ ਬੰਧੁ ॥੪੦॥੫੫੦॥੧੧੮੨॥

ਚੌ ॥ ਆਵੰਤਿਕਾ ਸਾਂਦੀਪਨਿ੍ ਗ੍ਰੋਹ ॥ ਆਇ ਬਿਦਜਾ ਪਢਨ ਕਰਿ ਨੇਹ ॥

ਹਾਥ ਜੋੜ ਬਿਨਤੀ ਜੁਗ ਬੀਰ ॥ ਕੀਨ ਪ੍ਰਣਾਮ ਰਿਖੀ ਰਣਧੀਰ ॥੪੧॥੫੫੧॥੧੧੮੩॥

ਰਾਮ ਕ੍ਰਿਸਨਬਾਚ ਚੌ: ॥ ਬਿਦਜਾ ਮੁਝਹਿ ਪਢਾਵਹੁ ਦੇਵ ॥ ਸਭਿ ਬਿਧਿ ਤੁਮਰੀ ਕਰਿਹਉਂ ਸੇਵ ॥

ਸੁਨਿ ਪ੍ਰਸੰਨ ਭਏ ਰਿਖਿਰਾਏ ॥ ਗ੍ਰਿਹ ਰਾਖੇ ਜੁਗ ਬੰਧੁ ਹਰਖਾਇ ॥

ਚਾਰ ਬੇਦ ਖਟ ਸਾਸਤ੍ਰ ਪੁਰਾਨ ॥ ਨਉਬਜਾਕਰਣ ਪਢੇ ਰੁਚਿਮਾਨ ॥੪੨॥੫੫੨॥੧੧੮੪॥

ਕੋਕ ਸੰਗੀਤ ਧਨੁ ਆਜੁਰਵੇਦ ॥ ਜਜੋਤਿਸ ਪਿੰਗਲ ਕੇ ਬਹੁ ਭੇਦ ॥

ਚਉਦਹ ਬਿਦਜਾ ਸੇ ਪ੍ਰਬੀਨ ॥ ਭਏ ਸਕਲ ਬਿਧ ਸੁਖ ਆਸੀਨ ॥੪੩॥੫੫੩॥੧੧੮੫॥

ਹਾਥ ਜੋੜ ਗੁਰੁ ਪਹਿ ਗੋਬਿੰਦ ॥ ਗੁਰੁ ਦਛਨਾ ਹਿਤ ਕਹੇ ਮੁਕੰਦ ॥

... ... ੪੪॥੫੫੪॥੧੧੮੬॥

ਸਾਂਦੀਪਨਿ ਪਤਨੀ ਢਿਗ ਆਇ ॥ ਹਰਿ ਕੀ ਮਹਿਮਾ ਕਹੀ ਸੁਨਾਇ ॥

ਜੋ ਇਹ ਹਰਿ ਹੈ ਤੁਮ ਪੁਤ੍ਰ ਬੁਲੇਵ ॥ ਕਹੋ ਤਿਨਹੁ ਪਹਿ ਅਪੁਨੋ ਭੇਵ ॥

ਸਾਂਦੀਪਨਿ ਹਰਿ ਕੇ ਢਿਗ ਆਏ ॥ ਹਾਥ ਜੋੜ ਬਹੁ ਬਿਨਯ ਕਰਾਏ ॥੪੫॥੫੫੫॥੧੧੮੭॥

ਸਾਂਦੀਪਨਿ ਬਾਚ ॥ ਸਾਗਰ ਨਾਵਨ ਇਕ ਦਿਨ ਗਏ ॥ ਸਿੰਧੁ ਸੁਰੰਗਮਮ ਸੁਤ ਹਰਿ ਲਏ ॥

ਮੱਛ ਆਦਿ ਜਲਜੰਤੁ ਮਮ ਬਾਰ ॥ ਲੀਲ ਗਯੇ ਸੁਤ ਮੁਹਿ ਕਰਤਾਰ ॥

ਤਿਸਹਿ ਆਨ ਦੱਛਨਾ ਮੁਝ ਦੇਓ ॥ ਹਰਹੁ ਤਾਪ ਮੋਹਿ ਜਗ ਜਸ ਲੇਓ ॥੪੬॥੫੫੬॥੧੧੮੮॥

ਚੌ ॥ ਰਥ ਆਰੂੜ ਚਲੇ ਘਨਸਜਾਮ ॥ ਸੰਗ ਸਹਾਇ ਭ੍ਰਾਤ ਬਲਰਾਮ ॥

ਸਾਗਰ ਤੀਰ ਆਇ ਜੁਗਬੰਧੁ ॥ ਭੇਟਾ ਲੈ ਪਹੁੰਚੇ ਤਹਿਂ ਸਿੰਧੁ ॥

ਸਿੰਧੁ ਬਾਚ ॥ ਬਡੇ ਭਾਗ ਮੁਝ ਦਰਸਨ ਦੀਨ ॥ ਕਿੰ ਨਮਿਤ ਤਪ ਧਰੇ ਆਸੀਨ ॥

॥੪੭॥੫੫੭॥੧੧੮੯॥

ਕਾਨਜੂ ਬਾਚ ਚੌ ॥ ਰਿਖਿ ਕੁਟੰਬ ਜੁਤ ਨਾਵਨ ਆਏ ॥ ਤਾਤ ਤਰੰਗ ਕਰ ਤੁਮ ਤਿਨ ਘਾਏ ॥

